# ਮੈਂ ਹਾਂ ਧਰਤ ਪੰਜਾਬ ਦੀ



"ਮੈਂ ਹਾਂ ਧਰਤ ਪੰਜਾਬ ਦੀ ਕਿੰਝ ਆਪਣਾ ਹਾਲ ਸੁਣਾਵਾਂ'
ਜੀਭ ਮੇਰੀ ਨੂੰ ਤਾਲਾ ਲੱਗਾ ਹਥਕੜੀਆਂ ਵਿਚ ਬਾਹਵਾਂ।"


ਹਰਭਜਨ ਸਿੰਘ 'ਭੱਜੀ'

ਮੈਂ ਹਾਂ ਧਰਤ ਪੰਜਾਬ ਦੀ

Gratitude ★ Blessings ★ Happiness

Gratitude ★ Blessings ★ Friendship ★ Happiness ★

MEIN HAN
DHARAT
PUNJAB DI



Printed by:
International Computer Systems Printing
527 E. Main St., Stockton, CA 95202
(209) 943-5786
Fax (209) 465-5786

ਪਹਿਲੀ ਵਾਰ −1993
(1000 ਕਾਪੀ)

Price: $10.00

−: Publisher :-

Sikh National Educational & Cultural Organization

7720 LORRAINE Ave. Suite 107

Stockton, CA 95210

# ਮੈਂ ਹਾਂ ਧਰਤ ਪੰਜਾਬ ਦੀ



*"ਮੈਂ ਹਾਂ ਧਰਤ ਪੰਜਾਬ ਦੀ ਕਿੰਝ ਆਪਣਾ ਹਾਲ ਸੁਣਾਵਾਂ'*
*ਜੀਭ ਮੇਰੀ ਨੂੰ ਤਾਲਾ ਲੱਗਾ ਹਥਕੜੀਆਂ ਵਿਚ ਬਾਹਵਾਂ।"*

*ਹਰਭਜਨ ਸਿੰਘ 'ਭੱਜੀ'*

ਪੁਰਾਤਨ ਅਤੇ ਵਰਤਮਾਨ
ਸਿੱਖ
ਸ਼ਹੀਦਾਂ ਦੇ ਨਾਂ

ਇਹ ਮੇਰੇ ਗੀਤ ਨੇ ਨਾਮ ਉਹਨ੍ਹਾਂ ਦੇ
ਜੋ ਵਾਰ ਗਏ ਜਾਨਾਂ ਕੌਮ ਦੇ ਉਤੇ॥

ਜਗਾ ਗਏ ਸੁੱਤੀ ਕੌਮ ਉਹੋ,
ਆਪ ਭਾਵੇਂ ਉਹ ਸਦਾ ਲਈ ਸੁੱਤੇ॥



# ਦੋ ਲਫਜ਼

ਆਮ ਰਿਵਾਜ ਹੈ ਜਦੋਂ ਭੀ ਕੋਈ ਲਿਖਾਰੀ, ਲਿਖਾਰੀਆਂ ਦੀ ਦੁਨੀਆਂ ਵਿੱਚ ਪਹਿਲਾਂ ਕਦਮ ਧਰਦਾ ਹੈ, ਤਾਂ ਕੋਈ ਉਘਾ ਲਿਖਾਰੀ ਲੋਕਾਂ ਨਾਲ ਉਹਦੀ ਵਾਕਫੀਅਤ ਕਰਾਉਂਦਾ ਹੈ। ਪਹਿਲੀ ਗੱਲ ਤਾਂ ਮੈ ਕੋਈ ਲਿਖਾਰੀ ਨਹੀਂ ਤੇ ਦੂਸਰੀ ਗੱਲ ਇਹ ਹੈ ਕਿ ਮੈਨੂੰ ਕੋਈ ਉਘਾ ਲਿਖਾਰੀ ਨਹੀਂ ਜਾਣਦਾ। ਇਸ ਕਰਕੇ ਇਹ ਕੰਮ ਵੀ ਮੈਨੂੰ ਖੁਦ ਹੀ ਕਰਨਾ ਪੈ ਰਿਹਾ ਹੈ।

ਮੈ ਕਦੇ ਵੀ ਨਹੀਂ ਸੋਚਿਆ ਕਿ ਮੈ ਕਦੇ ਕਵਿਤਾ ਲਿਖਾਂਗਾਂ। ਅਸਲ ਗਲ ਤਾਂ ਇਹ ਹੈ ਕਿ ਮੈ ਸਕੂਲ ਵਿੱਚ ਪੰਜਾਬੀ ਵੀ ਨਹੀਂ ਪੜ੍ਹੀ। ਜੂਨ ਦੇ ਖੂਨੀ ਸਾਕੇ ਨੇ ਮੈਨੂੰ ਇਕ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ। ਇੰਜ ਲਗਾ ਉਥੇ ਮਰਨ ਵਾਲਾ ਹਰ ਇਕ ਸਿੱਖ ਮੇਰਾ ਆਪਣਾ ਹੀ ਕੋਈ ਰਿਸ਼ਤੇਦਾਰ ਸੀ। ਦਿਲ ਵਿੱਚ ਵਲਵਲੇ ਉਠਦੇ ਰਹੇ ਤੇ ਇਕ ਦਿਨ ਗੀਤ ਦੇ ਰੂਪ ਵਿੱਚ ਬਹਿ ਤੁਰੇ। ਮੇਰੀ ਪਹਿਲੀ ਕਵਿਤਾ 'ਸਿੱਖੀ'ਸੀ। ਉਹ ਲਿਖਕੇ ਜਦ ਮੈ 'ਵਰਲਡ ਸਿੱਖ ਨਿਊਜ਼' ਦੇ ਦਫਤਰ ਵਿੱਚ ਲੈ ਕੇ ਗਿਆ ਤਾਂ ਉਸ ਵੇਲੇ ਦੇ ਸੰਪਾਦਕ ਪ੍ਰੋਫੈਸਰ ਮਨਜੀਤ ਸਿੰਘ ਸਿੱਧੂ ਹੁਣਾਂ ਨੇ ਉਸ ਨੂੰ ਕਬੂਲ ਕਰ ਲਿਆ ਤੇ ਅਖਬਾਰ ਵਿੱਚ ਛਾਪ ਦਿੱਤੀ। ਲੋਕਾਂ ਨੇ ਪਸੰਦ ਕੀਤੀ ਤੇ ਉਸ ਤੋਂ ਬਾਦ ਮੇਰੀ ਦੂਸਰੀ ਕਵਿਤਾ ਸੀ 'ਮੈ ਹਾਂ ਧਰਤ ਪੰਜਾਬ ਦੀ' ਤੇ ਉਹ ਮੈਨੂੰ ਅਤੇ ਸਾਰੇ ਵੀਰਾਂ ਨੂੰ ਸਾਰੀਆਂ

ਕਵਿਤਾਵਾਂ ਨਾਲੋਂ ਹਾਲੇ ਤੱਕ ਸੋਹਣੀ ਲਗਦੀ ਹੈ ਤੇ ਜਦ ਇਕ ਮੇਰੇ ਦੋਸਤ ਦਾ ਫੋਨ ਆਇਆ ਕਿ 'ਤੇਰੀ ਕਵਿਤਾ' ਜੱਗਾ ਸਾਹਿਬ ਨੇ ਗੁਰਦੁਆਰੇ ਪੜ੍ਹੀ ਸੀ ਤੇ ਲੋਕਾਂ ਨੇ ਬਹੁਤ ਪਸੰਦ ਕੀਤੀ, ਮੈਨੂੰ ਯਕੀਨ ਨਹੀਂ ਆਇਆ ਕਿ ਮੇਰੇ ਜਿਹੇ ਬੇਨਾਮ ਬੰਦੇ ਦੀ ਕਵਿਤਾ ਪੰਜਾਬ ਦੇ ਇਕ ਚੋਟੀ ਦੇ ਲੋਕ ਗਾਇਕ ਨੇ ਇਸ ਕਾਬਲ ਸਮਝੀ ਕਿ ਉਸਨੇ ਉਸਨੂੰ ਆਵਾਜ਼ ਦੇ ਦਿੱਤੀ।

ਇਥੇ ਹੀ ਬੱਸ ਨਹੀਂ ਪਿਛਲੇ ਸਾਲ ਉਹਨਾਂ ਨੇ ਉਸ ਨੂੰ ਤੇ ਦੋ ਹੋਰ ਕਵਿਤਾਵਾਂ ਨੂੰ ਕੈਸਿਟ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਜਿਸਨੂੰ ਸਾਰੇ ਭਰਾਵਾਂ ਨੇ ਬਹੁਤ ਭਰਵਾਂ ਹੁੰਗਾਰਾ ਦਿੱਤਾ ਤੇ 1100 ਤੋਂ ਵੱਧ ਕੈਸਿਟਾਂ ਹੁਣ ਤੱਕ ਲੋਕਾਂ ਦੇ ਹੱਥੀ ਪਹੁੰਚ ਚੁੱਕੀਆਂ ਹਨ।

ਬੱਸ ਉਸ ਤੋਂ ਬਾਅਦ ਝਕ ਜਿਹਾ ਖੁੱਲ੍ਹ ਗਿਆ ਤੇ ਜੋ ਭੀ ਦਿਮਾਗ ਵਿੱਚ ਉਸ ਪ੍ਰਮਾਤਮਾ ਨੇ ਪਾਇਆ ਮੈ ਕਾਗਜ਼ ਤੇ ਉਲੀਕ ਦਿੱਤਾ।

ਇਕ ਦਿਨ, ਇਕ ਬੜੇ ਹੀ ਚੰਗੇ ਸ਼ਾਇਰ ਤੇ ਸਤਿਕਾਰ ਯੋਗ ਬਜ਼ੁਰਗ ਗੁਰਚਰਨ ਸਿੰਘ 'ਜ਼ਖਮੀ' ਨੇ ਮੇਰੇ ਬਾਰੇ ਇਕ ਕਵਿਤਾ ਅਖਬਾਰ ਵਿੱਚ ਦਿੱਤੀ। 'ਜ਼ਖਮੀ' ਸਾਹਿਬ ਖੁਦ ਭੀ ਬਹੁਤ ਚੰਗੇ ਲਿਖਾਰੀ ਹਨ ਤੇ ਅਖਬਾਰ ਵਿੱਚ ਉਹਨਾਂ ਦੀਆਂ ਕਵਿਤਾਵਾਂ ਆਮ ਛਪਦੀਆਂ ਰਹਿੰਦੀਆਂ ਹਨ। ਉਹ ਪੜ੍ਹ ਕੇ ਇੰਜ ਲਗਾ ਕਿ ਜਿਵੇ ਦੁਨੀਆਂ ਨੇ ਮੈਨੂੰ ਲਿਖਾਰੀ ਦੇ ਤੌਰ 'ਤੇ ਕਬੂਲ ਲਿਆ ਹੋਵੇ। ਉਹਨਾਂ ਦੀ ਕਵਿਤਾ ਦੇ ਬੋਲ ਇੰਜ ਸੀ।



## ਇੱਕ ਸਵਾਲ ਕੀ ਆਖਾਂ?

ਸ਼ਸ਼ੋਪੰਜ ਵਿੱਚ ਹਾਂ, ਮੈ, ਐਸੱਜਣਾ,
ਸਬੋਧਨ ਕਰਨ ਲਈ ਤੈਨੂੰ।
ਪਿਆਰ ਦੇ ਨਾਲ ਕੀ ਆਖਾਂ,
ਨਾਲ ਸਤਿਕਾਰ ਕੀ ਆਖਾਂ?
ਕਲਮ ਦਾ ਧਨੀ ਹੈ,
ਤੇਰੀ ਕਲਮ ਮੋਤੀ ਉਗਲਦੀ ਹੈ।
ਕਵੀ ਆਖਾਂ, ਸ਼ਾਇਰ ਆਖਾਂ,
ਯਾ ਕਲਮਕਾਰ ਹੀ ਆਖਾਂ।।?
ਨਿਰਾ, ਪਿਆਰਾਂ ਦਾ ਸਾਗਰ ਹੈ,
ਬੁੱਕਾਂ ਭਰ ਭਰ, ਪਿਆਰ ਵੰਡਦਾ ਹੈ।
ਕਹਾਂ ਮੈ ਪਿਆਰ ਦੀ ਮੂਰਤ, ਯਾ,
ਸਾਖਿਯਾਤ ਪਿਆਰ ਹੀ ਆਖਾਂ?
ਰਾਜ਼ੀ ਕਰਦੈ, ਬੀਮਾਰਾਂ ਨੂੰ,
ਦਵਾਵਾਂ ਤੇ ਦੁਆਵਾਂ ਨਾਲ।
ਹਕੀਮ ਆਖਾਂ, ਤਬੀਬ ਆਖਾਂ,
ਯਾ, ਡਾਕਦਾਰ ਹੀ ਆਖਾਂ?
ਕਲਮ ਦੇ ਨਾਲ ਲੜਦਾ ਹੈ,
ਵਤਨ ਦੀ ਜੰਗ ਆਜ਼ਾਦੀ ਦੀ।
ਫਿਰ ਕਿਉ ਨਾ, ਵਤਨ ਦਾ ਸਿਪਾਹੀ,
ਵਫਾਦਾਰ ਹੀ ਆਖਾਂ?
ਕੁਦਰਤ ਦਾ ਆਸ਼ਿਕ ਹੈ,
ਕਾਦਿਰ ਦਾ ਉਪਾਸ਼ਿਕ ਹੈ।
ਸੰਤ ਆਖਾਂ, ਭਗਤ ਆਖਾਂ।

ਯਾ, ਕਾਦਿਰ ਦਾ ਪ੍ਰਸਤਾਰ ਹੀ ਆਖਾਂ?
ਮੋਈਆਂ ਅਣਖਾਂ ਜਿਵਾਨਾਂ ਏ,
ਸੁੱਤੀਆਂ ਜ਼ਮੀਰਾਂ ਜਗਾਨਾਂ ਏ।
ਫਿਰ ਕਿਉ ਨਾ, ਕੌਮ ਦਾ ਤੈਨੂੰ,
ਪਹਿਰੇਦਾਰ ਹੀ ਆਖਾਂ?
ਗੁਣਾਂ ਦਾ ਗੈਹਵ੍ਰਾਰਾ ਹੈ ?
**ਰੱਬੀ ਗੁਣਾਂ ਦਾ ਖਜ਼ਾਨਾਂ ਹੈ।**
ਗੁਣਵਾਨ ਆਖਾਂ, ਗੁਣਵੰਤ ਆਖਾਂ,
ਯਾ ਗੁਣਾਂ ਦਾ ਭੰਡਾਰ ਹੀ ਆਖਾਂ॥?
"ਭੱਜੀ", ਦੱਸੀ ਆਪ "ਜ਼ਖਮੀ" ਨੂੰ,
ਵਸ਼ੇਸ਼ਣ ਕਿਹੜਾ ਫੱਬਦਾ ਏ।
ਭਲਾ ਜੇ ਕੈਹਣਾਂ ਚਾਹਾਂ ਮੈ,
ਆਖਿਰਕਾਰ ਕੀ ਆਖਾਂ॥?
ਏਸੇ ਅੰਦਾਜ਼ ਵਿੱਚ, ਉੱਤਰ ਦਾ ਉਡੀਕਵਾਨ,
"ਗੁਰਚਰਨ ਸਿੰਘ ਜ਼ਖਮੀ"

ਇਸ ਦਾ ਜਵਾਬ ਭੀ ਉਹਨਾਂ ਕਵਿਤਾ ਦੇ ਰੂਪ ਵਿੱਚ ਹੀ ਮੰਗਿਆ ਸੀ। ਜੋ ਮੈਂ ਜਿੰਨਾ ਕੁ ਮੇਰੇ ਬਾਰੇ ਜਾਣਦਾ ਹਾਂ, ਉਹ ਉਸ ਵਿੱਚ ਲਿਖ ਦਿੱਤਾ ਸੀ।

ਬਾਕੀ ਥੋੜ੍ਹੀ ਜਿਹੀ ਜਾਣਕਾਰੀ ਮੇਰੇ ਬਾਰੇ ਤੁਹਾਨੂੰ 'ਮੇਰੇ ਗੀਤ', 'ਮੇਰੀ ਕਲਮ', ਤੇ 'ਬੰਜਰ ਧਰਤੀ' ਦੀਆਂ ਕਵਿਤਾਵਾਂ ਵਿਚ ਮਿਲੇਗੀ। 'ਜ਼ਖਮੀ ਸਾਹਿਬ' ਨੂੰ ਦਾਸ ਨੇ ਇੰਜ ਜਵਾਬ ਦਿੱਤਾ ਸੀ।

**ਜੋ ਚਿੱਤ ਕਰੇ ਆਖੋਂ**
ਇਕ 'ਜ਼ਖਮੀ' ਨੇ,



ਨਾਲ ਕਲਮ ਦੇ,
ਮੇਰੇ ਜ਼ਖਮਾਂ ਨੂੰ,
ਅੱਜ ਛੋਹਿਆ ਹੈ,
ਦਿਲ ਮੇਰਾ,
ਜੋ ਨਾ ਕਦੇ ਫਰੋਇਆ,
ਉਸ ਦਿਲ ਮੇਰਾ,
ਅੱਜ ਟੋਹਿਆ ਹੈ।
"ਜ਼ਖਮੀ" ਸਾਹਿਬ,
ਪਤਾ ਨਹੀਂ ਕੀ ਸੋਚਕੇ,
ਤੁਸੀਂ ਮੇਰੇ ਬਾਰੇ ਲਿਖਣ ਬਹਿ ਗਏ।
ਪਿਆਰ ਦੇ,
ਬਹਿਣਾਂ ਦੇ ਵਿੱਚ ਬਹਿਕੇ,
ਪਤਾ ਨਹੀਂ ਤੁਸੀਂ ਕੀ ਕੀ ਕਹਿ ਗਏ।
ਇਸ ਦਾ ਜਵਾਬ,
ਮੈਂ ਇੰਜ ਹੀ ਦੇਵਾਂ,
ਇਹੋ ਤੁਸਾਂ ਨੇ ਲਿਖਿਆ ਹੈ।
ਇਹ ਤੁਹਾਡਾ,
ਧੱਕਾ ਹੈ ਮੇਰੇ ਨਾਲ,
ਸੱਜਣ ਜੀ ਇਹ ਕੈਸੀ ਪ੍ਰੀਖਿਆ ਹੈ।
ਮੈਂ ਹਾਂ,
ਇਕ ਸਾਧਾਰਣ ਜਿਹਾ ਬੰਦਾ,
ਕੋਈ ਸ਼ਾਇਰ ਜਾਂ ਗਾਇਕ ਨਹੀਂ।
ਤੁਸੀਂ ਨਿਵਾਜਿਆ,
ਜਿਹਨਾਂ ਵਿਸ਼ੇਸ਼ਲਣ ਨਾਲ,
ਮੈਂ ਤਾਂ,

ਉਹਨਾਂ ਦੇ ਲਾਇਕ ਨਹੀਂ।
ਰੁੜਿਆ ਬੈਠਾ ਸਾਂ,
ਆਪਣੇ ਹੀ ਧੰਦਿਆਂ 'ਚ,
ਦੁਨੀਆਂ ਦੀ ਕੋਈ ਸਾਰ ਨਹੀਂ ਸੀ।
ਅਕਾਲੀ ਐਵੇ,
ਪਾ ਰਹੇ ਸੀ ਰੌਲਾ,
ਕੋਈ ਸਿੱਖਾਂ ਦੀ,
ਇਹ ਜਿੱਤ ਜਾਂ ਹਾਰ ਨਹੀਂ ਸੀ।
ਕੌਣ ਗਲਤ,
ਤੇ ਕੌਣ ਠੀਕ ਹੈ,
ਇਸ ਵਿੱਚ ਉਲਝਣ ਦਾ,
ਮੇਰਾ ਕੋਈ ਵਿਚਾਰ ਨਹੀਂ ਸੀ।
ਅਚਾਨਕ ਹੋਇਆ,
ਇਕ ਦਿਨ ਧਮਾਕਾ,
ਜੋ ਕਿਸੇ ਦੇ ਚਿਤ ਨਾ ਚੇਤੇ ਸੀ।
ਉਸ ਦਿਨ,
ਇਹ ਦੁਨਿਆਵੀ ਚੀਜ਼ਾਂ,
ਲਗੀਆਂ ਵਾਂਗੂ ਰੇਤੇ ਸੀ।
ਜਿਸ ਦਿਨ,
ਮੇਰਿਆਂ ਅੱਖਾਂ ਸਾਹਮਣੇ,
ਇਹ ਹਾਦਸਾ ਹੋਇਆ।
ਪਤਾ ਨਹੀਂ,
ਕਿੰਨੇ ਬੇਦੋਸ਼ਾਂ ਦਾ,
ਲਹੂ ਜ਼ਾਲਮਾਂ ਚੋਇਆ।
ਸਿੱਖ ਕੌਮ ਦਾ,



ਹਰ ਇਕ ਦਰਦੀ,
ਧਾਹਾਂ ਮਾਰਕੇ ਰੋਇਆ।
ਸਿੱਖ ਕੌਮ ਦੀ,
ਤਵਾਰੀਖ ਮੈ ਤੱਕੀ,
ਖ਼ੂਨ ਨਾਲ ਲਥ ਪਥ ਹੋਈ।
ਧੀ ਜਿਸ ਦਿਨ,
ਪੰਜਾਬ ਦੀ ਤੱਕੀ,
ਨੰਗੀ ਹੋਕੇ ਰੋਈ।
"ਹਾੜਾ ਵੇ,
ਕੋਈ ਦਰਦ ਵੰਡਾਵੇ,"
ਮੈ ਸੁਣੀ ਉਹਦੀ ਅਰਜ਼ੋਈ।
ਜ਼ਮੀਰ ਮੇਰੀ ਨੂੰ,
ਉਸ ਝੰਜੋੜਿਆ,
ਜੋ ਸੀ ਬੈਠੀ ਮੋਈ।
ਅਬੜ ਵਾਹੇ,
ਇਕ ਦਿਨ ਉਠਕੇ,
ਕਲਮ ਚੁਕ ਲਈ,
ਪਤਾ ਨਹੀਂ ਕਿ ਲਿਖਣ ਲਈ।
ਖਿਆਲਾਂ ਨੂੰ,
ਸਾਂਝਾ ਕਰਕੇ ਲਈ,
ਤੇ ਹੋਰ ਕਈ ਕੁਝ ਸਿੱਖਣ ਲਈ।
ਬੜੇ ਉਘੇ ਉਘੇ,
ਸ਼ਾਇਰ ਸਨ ਬੈਠੇ,
ਸ਼ਾਇਰਾਂ ਦੀ ਕੋਈ ਥੋੜ੍ਹ ਨਹੀਂ ਸੀ।
ਪਰ ਕਦੇ ਕਦਾਈ,

ਲਿਖਤਾਂ ਭੇਜਣ ਨਾਲ,
ਪੂਰੀ ਹੁੰਦੀ,
ਇਸ ਅਖਬਾਰ ਦੀ ਲੋੜ ਨਹੀਂ ਸੀ।
ਕੰਨੀ ਮੇਰੇ,
ਜਦ ਅੰਮ੍ਰਿਤਸਰ ਵਿਚ ਟੁੱਟੀ,
ਇਕ ਵੀਣਾ ਦਾ ਰਾਗ ਪਿਆ।
ਨੀਂਦਰ ਚੋਂ,
ਅੱਖ ਮੇਰੀ ਖੁਲ੍ਹੀ,
ਇਕ ਸੁਤਾ ਸ਼ਾਇਰ ਜਾਗ ਪਿਆ।
ਦਿਲ ਵਿੱਚ ਮੇਰੇ,
ਜੋ ਭੀ ਆਇਆ,
ਉਹ ਗੁਬਾਰ ਆਪਣਾ,
ਮੈਂ ਕਢਿਆ ਹੈ।
ਕੀ ਠੀਕ,
ਕੀ ਗਲਤ ਹੈ,
ਉਹ ਤੁਹਾਡੇ ਉਤੇ ਛਡਿਆ ਹੈ।
ਮੇਹਰ ਹੋਈ,
ਜਦੋਂ ਉਸ ਦਾਤੇ ਦੀ,
ਤਾ ਹੀ ਲਿਖਣਾ ਆਇਆ ਹੈ।
ਜੋ ਮਾੜਾ,
ਉਹ ਮੇਰਾ ਲਿਖਿਆ,
ਜੋ ਚੰਗਾ ਉਸ ਪਾਇਆ ਹੈ।
ਧੰਨ ਭਾਗ ਨੇ,
ਇਹੋ ਮੇਰੇ,
ਤੁਹਾਡੇ ਜਿਹੇ ਬੁਜ਼ਰਗਾਂ ਦਾ,



ਮੇਰੇ ਸਿਰ ਤੇ ਸਾਇਆ ਹੈ।
ਐਨਾ ਹੌਸਲਾ,
ਨਹੀਂ ਹੈ ਮੇਰਾ,
ਜੰਗੇ ਮੈਦਾਨ ਵਿੱਚ,
ਮੈਂ ਲੜ ਨਹੀਂ ਸਕਦਾ।
ਕਲਮ ਚੁਕੀ ਹੈ,
ਮੈਂ ਲੜਨੇ ਲਈ,
ਬੰਦੂਕ ਨੂੰ ਮੈਂ ਫੜ ਨਹੀਂ ਸਕਦਾ।
ਔਗੁਣਾਂ ਭਰਿਆ ਹਾਂ,
ਮੈਂ ਇਕ ਬੰਦਾ,
ਮੈਂ ਕੋਈ ਦਰਵੇਸ਼ ਨਹੀਂ।
ਸੰਤ ਤੁਸੀਂ,
ਕਿਹੜੀ ਗਲੋਂ ਆਖੋ,
ਕੋਈ ਸੰਤਾ ਵਾਲਾ ਭੇਸ ਨਹੀਂ।
ਪਹਿਰਾ ਦਸੋ,
ਕਿਸ ਮੁਲਕ ਦਾ ਦੇਵਾ,
ਮੇਰਾ ਆਪਣਾ ਕੋਈ ਦੇਸ਼ ਨਹੀਂ।
ਭਾਲ 'ਉਹਦੀ' ਵਿੱਚ,
ਮੈਂ ਫਿਰਦਾ ਹਾਂ,
ਹਾਲੇ ਲਭਿਆ ਉਹਦਾ ਧਾਮ ਨਹੀਂ।
ਠੂਠਾ ਮੇਰਾ,
ਨਾਲ ਕਚਰੇ ਭਰਿਆ,
ਹਾਲੇ ਮਿਲਿਆ ਉਹਦਾ ਨਾਮ ਨਹੀਂ।
ਪਿਆਰ ਸਿਰਫ,
ਆਪਣਿਆ ਦੇ ਲਈ,

ਗੈਰਾਂ ਲਈ ਹਾਲੇ ਨਫਰਤ ਹੈ।
ਸਮਝ ਸਕਾਂ,
ਸਭ ਨੂੰ ਰੂਪ ਰੱਬ ਦਾ,
ਇਹ ਦਿਲ ਮੇਰੇ ਦੀ ਹਸਰਤ ਹੈ।
ਹੋਸ਼ ਹਵਾਸ ਰਹੇ,
ਕਾਇਮ ਜਿੰਨੀ ਦੇਰ,
ਸਿੱਖ ਕੌਮ ਦਾ ਵਫਾਦਾਰ ਰਹਾਂਗਾ।
ਕਰ ਸਕਿਆ ਨਾ,
ਜੇ ਕੁਛ ਇਹਦੇ ਲਈ,
ਕਿਸੇ ਖੂੰਜੇ ਚੁਪ ਚਾਪ ਬਹਾਂਗਾ।
ਸੰਤ ਭਗਤ ਕੋਈ,
ਤਾਂ ਹੀ ਬਣ ਸਕਦਾ,
ਜੇ ਉਹ ਇਨਸਾਨ ਹੋਵੇਗਾ।
ਦੁਆ ਦਿਉ,
ਬਣਾ ਚੰਗਾ ਇਨਸਾਨ,
ਇਹ ਤੁਹਾਡਾ ਅਹਿਸਾਨ ਹੋਵੇਗਾ।
ਇਕ ਵਾਰ ਤੁਸਾਂ,
ਇਸ ਕਲਮ ਨਾਲ,
'ਅੰਮ੍ਰਿਤਾ' ਨੂੰ ਕੁਛ ਲਿਖਿਆ ਸੀ।
ਕੀ ਮਤਲਬ 'ਜ਼ਖਮੀ' ਦਾ ਹੁੰਦਾ,
ਉਹਦੇ ਪੜ੍ਹਕੇ ਮੈਂ ਸਿਖਿਆ ਸੀ।
ਇਹ ਕਮਾਲ ਤਾਂ,
ਤੁਹਾਡੇ ਸੋਚਣ ਦਾ,
ਤੁਸਾਂ ਰਾਈ ਨੂੰ ਬਣਾ ਦਿੱਤਾ ਪਹਾੜ।
ਧਰਤੀ ਦਾ,



ਇਕ ਰੀਂਗਦਾ ਕੀੜਾ,
ਤੁਸਾਂ ਅੰਬਰਾਂ ਉਤੇ ਦਿੱਤਾ ਚਾੜ੍ਹਾ।
ਸੰਤ ਭਗਤ ਜਾਂ ਪਹਿਰਦਾਰ ਆਖੋਂ,
ਬਸ ਗੁਰੂ ਘਰ ਦਾ,
ਇਕ ਨਿਮਾਣਾ ਦਾਸ ਹਾ ਮੈਂ।
ਬਹੁਤ ਦੂਰ ਹਾਂ,
ਹਾਲੇ ਉਹਦੇ ਪੂਰਨਿਆਂ ਤੋਂ,
ਬੰਦਾ ਨਹੀਂ ਕੋਈ ਖਾਸ ਹਾਂ ਮੈਂ।
ਜੋ ਚਿਤ ਕਰਦਾ,
ਤੁਸੀਂ ਪਏ ਆਖੋਂ,
ਤੁਹਾਡਾ ਇਕ ਅਜ਼ੀਜ਼ ਹਾਂ ਮੈਂ।
ਤੁਹਾਡੀਆਂ ਨਜ਼ਰਾਂ ਵਿੱਚ,
ਇਹ ਕਦਰ 'ਭੱਜੀ' ਦੀ,
ਨਹੀਂ ਤਾਂ ਬੱਸ,
ਇਕ ਨਾਚੀਜ਼ ਹਾਂ ਮੈਂ।

ਬਾਕੀ ਜੋ ਭੀ ਹੈ ਤੁਹਾਡੇ ਸਾਹਮਣੇ ਹੈ, ਤੁਹਾਡੇ ਸੁਝਾਅ ਸਿਰ ਮੱਥੇ, ਇਸ ਵਿੱਚ ਜੋ ਭੀ ਚੰਗਾ ਹੈ ਉਹ ਉਸ ਗੁਰੂ ਮਹਾਰਾਜ ਦੀ ਕ੍ਰਿਪਾ ਹੈ, ਜੋ ਮਾੜਾਪਣ ਹੈ ਉਹ ਮੇਰਾ ਹੈ। ਤੁਸੀਂ ਬਖਸ਼ਣਹਾਰ ਹੋ। ਉਮੀਦ ਹੈ ਨਜ਼ਰ ਅੰਦਾਜ਼ ਕਰ ਦਿਉਗੇ।

ਮੈਂ ਧੰਨਵਾਦੀ ਹਾਂ। 'ਸਿੱਖ ਐਜੂਕੇਸ਼ਨ ਐਂਡ ਕਲਚਰਲ ਸੁਸਾਇਟੀ' ਅਤੇ 'ਵਰਲਡ ਸਿੱਖ ਨਿਊਜ਼' ਦੇ ਪੰਜਾਬੀ ਵਿਭਾਗ ਦਾ। ਗੁਰਲਾਲ ਸਿੰਘ ਲਾਲੀ ਜਿਸ ਨੇ ਸਾਰੀ ਟਾਈਪ ਸੈਟ ਕੀਤੀ ਅਤੇ ਉਸ ਤੋਂ ਪਹਿਲਾਂ ਇੰਦਰਜੀਤ ਸਿੰਘ ਗਿੱਲ ਤੇ ਰੁਪਿੰਦਰ ਤੇ ਅਮਰਜੀਤ ਜਿਹਨਾਂ ਨੇ ਮੇਰੇ ਲੰਡੇ ਪੜ੍ਹ ਪੜ੍ਹ

ਕੇ ਟਾਈਪ ਕਰਕੇ ਤੁਹਾਡੇ ਸਾਹਮਣੇ ਮੇਰੀਆਂ ਕਵਿਤਾਵਾਂ ਪੜ੍ਹਣ ਦੇ ਕਾਬਲ ਰੂਪ ਵਿਚ ਪੇਸ਼ ਕੀਤੀਆਂ, ਮੈ ਧੰਨਵਾਦੀ ਹਾਂ ਸ: ਹਰਜਿੰਦਰ ਸਿੰਘ ਪੰਧੇਰ ਦਾ ਜਿਹਨਾਂ ਨੇ ਸਾਰਾ ਖਰੜ੍ਹਾ ਪੜ੍ਹਿਆ ਤੇ ਉਸਦੀ ਸੁਧਾਈ ਕੀਤੀ। ਮੈ ਧੰਨਵਾਦੀ ਹਾਂ ਉਹਨਾਂ ਸੱਜਣਾਂ ਦਾ ਜਿਹਨਾਂ ਨੇ ਮਾਇਆ ਦੇ ਨਾਲ ਇਸ ਕਿਤਾਬ ਨੂੰ ਛਾਪਣ ਵਿੱਚ ਮੱਦਦ ਕੀਤੀ। ਮੈ ਸ਼ੁਕਰਗਜ਼ਾਰ ਹਾਂ ਮੇਰੀ ਧਰਮ ਪਤਨੀ ਦਾ ਜਿਸਨੇ ਤਕਰੀਬਨ ਤਕਰੀਬਨ ਮੇਰੀ ਹਰ ਕਵਿਤਾ ਪਹਿਲਾਂ ਪੜ੍ਹੀ ਹੈ ਤੇ ਆਪਣੇ ਸੁਝਾਅ ਦਿੱਤੇ ਹਨ। ਜਿਹੜੀ ਉਸ ਨੇ ਪਾਸ ਨਹੀਂ ਕੀਤੀ ਉਸ ਕਵਿਤਾ ਨੇ ਸੂਰਜ ਦੀ ਰੋਸ਼ਨੀ ਨਹੀਂ ਦੇਖੀ ਤੇ ਜੋ ਸਮਾਂ ਮੈ ਲਿਖਣ ਪੜ੍ਹਣ ਉਤੇ ਲਾਉਂਦਾ ਹਾਂ ਉਹ ਸਮਾਂ ਉਹਦੇ ਤੇ ਸਾਡੇ ਬੱਚਿਆਂ ਦੇ ਸਮੇਂ 'ਚੋਂ ਹੀ ਨਿਕਲਦਾ ਹੈ। ਪਰ ਫੇਰ ਵੀ ਉਸ ਨੇ ਕਦੇ ਗਿਲਾ ਨਹੀਂ ਕੀਤਾ।

ਅਖੀਰ ਵਿੱਚ ਮੈ ਸ਼ੁਕਰਗੁਜ਼ਾਰ ਹਾਂ ਉਸ ਦਾਤੇ ਦਾ ਜਿਸ ਦੀ ਮੇਹਰ ਕਰਕੇ ਮੈਨੂੰ ਕੁਝ ਲਿਖਣਾ ਆਇਆ। ਇਹ ਉਸਦੀ ਅਪਾਰ ਕਿਰਪਾ ਹੈ ਜਿਸ ਦੇ ਆਸਰੇ ਇਹ ਮੇਰੀਆਂ ਕਵਿਤਾਵਾਂ ਤੁਹਾਡੇ ਸਾਹਮਣੇ ਕਿਤਾਬ ਦੇ ਰੂਪ ਵਿੱਚ ਪੇਸ਼ ਹਨ। ਉਮੀਦ ਹੈ ਪਸੰਦ ਕਰੋਗੇ।

ਸਿੱਖ ਪੰਥ ਦਾ ਦਾਸ

ਹਰਭਜਨ ਸਿੰਘ 'ਭੱਜੀ'



## ਮੁੱਖ-ਬੰਦ

ਡਾ: ਹਰਭਜਨ ਸਿੰਘ ਸ਼ੇਰਗਿੱਲ ਇਕ ਅਜਿਹਾ ਇਨਸਾਨ ਹੈ ਜਿਸ ਨੇ ਹਮੇਸ਼ਾ ਪਿਆਰ ਅਤੇ ਖੇੜਾ ਹੀ ਵੰਡਿਆ ਹੈ। ਜਿਸ ਕਿਸੇ ਨੂੰ ਵੀ ਡਾ: ਸਾਹਿਬ ਨਾਲ ਮਿਲਣ ਦਾ ਮੌਕਾ ਮਿਲਿਆ ਹੈ ਉਹ ਉਹਨਾਂ ਕੋਲੋਂ ਪਿਆਰ ਅਤੇ ਨਿੱਘ ਲੈ ਕੇ ਹੀ ਆਇਆ। ਸੰਨ ਉਨੀ ਸੌ ਚੌਰਾਸੀ ਵਿੱਚ ਭਾਰਤ ਦੀ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਉਤੇ ਹਮਲਾ ਕਰਕੇ ਜਿਥੇ ਸਿੱਖ ਕੌਮ ਨੂੰ ਵੰਗਾਰਿਆ, ਉਥੇ ਡਾ: ਸ਼ੇਰਗਿੱਲ ਅੰਦਰਲੇ ਸੁੱਤੇ ਹੋਏ ਕਵੀ ਨੂੰ ਭੀ ਜਗਾ ਦਿੱਤਾ। ਸਿੱਖ ਕੌਮ ਤੇ ਪੰਜਾਬ ਦੇ ਦਰਦ ਨੂੰ ਡਾ: ਸ਼ੇਰਗਿੱਲ ਨੇ ਆਪਣਾ ਦਰਦ ਸਮਝਦਿਆਂ, ਬੇ ਆਸਰੇ, ਯਤੀਮ, ਨਾਬਾਲਗ ਤੇ ਸਿੱਖ ਵਿਧਵਾਵਾਂ ਦੇ ਦਿਲ ਵਿੱਚ ਬੈਠ ਕੇ ਇਹ ਦਰਦ ਮਹਿਸੂਸ ਕੀਤਾ ਹੈ। ਇਸ ਦਰਦ ਨਾਲ ਤੜਫਦੇ ਮਨ ਵਿਚੋਂ ਜੋ ਆਵਾਜ਼ ਆਈ ਹੈ ਇਹ ਕਵਿਤਾ ਦੇ ਰੂਪ ਵਿੱਚ ਹੱਥ ਵਿਚਲੀ ਕਿਤਾਬ ਰਾਹੀਂ ਪਾਠਕਾਂ ਲਈ ਪੇਸ਼ ਹੈ। ਜਦੋਂ ਬੰਦੂਕਾਂ ਦੀਆਂ ਨੋਕਾਂ ਨੇ ਮੌਸਮੀ ਤੇ ਝੋਲੀ ਚੁੱਕ ਲਿਖਾਰੀਆਂ

ਦੀਆਂ ਕਲਮਾਂ ਬੰਦ ਕਰਾ ਦਿੱਤੀਆਂ ਤਾਂ ਡਾ: ਸ਼ੇਰਗਿੱਲ ਦੀ ਕਲਮ ਉਸ ਸਮੇਂ ਤੋਂ ਉਨ੍ਹਾਂ ਬੰਦੂਕਾਂ ਅਤੇ ਬੜੇ ਜ਼ਾਲਮਾਂ ਨੂੰ ਵੰਗਾਰ ਰਹੀ ਹੈ।

ਅਸਲੀ ਲਿਖਾਰੀ ਉਹੀ ਹੁੰਦੇ ਹਨ ਜੋ ਮਜ਼ਲੂਮ ਕੌਮਾਂ ਤੇ ਮਜ਼ਲੂਮ ਇਨਸਾਨ ਦਾ ਦਰਦਾ ਵੰਡਾ ਸਕਣ। ਸੰਨ ਉਨੀ ਸੌ ਸੰਤਾਲੀ ਵਿੱਚ ਅੰਮ੍ਰਿਤਾ ਪ੍ਰੀਤਮ ਇਕ ਵਾਰ ਮਜ਼ਲੂਮਾਂ ਦੀ ਆਵਾਜ਼ ਬਣੀ ਸੀ ਉਸੇ ਤਰ੍ਹਾਂ ਸੰਨ ਉਨੀ ਸੌ ਚੌਰਾਸੀ ਨੇ ਡਾ: ਸ਼ੇਰਗਿੱਲ ਦੀ ਆਤਮਾ ਨੂੰ ਪ੍ਰੇਰਿਆ ਜਿਸ ਦੇ ਸਿੱਟੇ ਵਜੋਂ 'ਮੈਂ ਹਾਂ ਧਰਤ ਪੰਜਾਬ ਦੀ' ਹੋਂਦ ਵਿੱਚ ਆਈ ਹੈ। ਮੇਰੇ ਖਿਆਲ ਵਿੱਚ ਡਾ: ਹਰਭਜਨ ਸਿੰਘ ਸ਼ੇਰਗਿੱਲ ਨੇ 'ਮੈਂ ਹਾਂ ਧਰਤ ਪੰਜਾਬ ਦੀ' ਕਾਵਿ ਸੰਗ੍ਰਹਿ ਲਿਖ ਕੇ ਦੇਰ ਤੋਂ ਮਹਿਸੂਸ ਕੀਤੀ ਜਾ ਰਹੀ ਲੋੜ ਨੂੰ ਸੰਪੂਰਣ ਕੀਤਾ ਹੈ। ਅਸੀਂ ਉਮੀਦ ਕਰਦੇ ਹਾਂ ਡਾ: ਸ਼ੇਰਗਿੱਲ ਆਉਣ ਵਾਲੇ ਸਮੇਂ ਵਿੱਚ ਭੀ ਆਪਣਾ ਉਦੱਮ ਜਾਰੀ ਰੱਖਣਗੇ। ਅਸੀਂ ਉਨ੍ਹਾਂ ਦੀ ਤੰਦਰੁਸਤੀ ਤੇ ਲੰਮੀ ਉਮਰ ਲਈ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਰਹਾਂਗੇ"

ਡਾ: ਗੁਰਿੰਦਰ ਸਿੰਘ ਗਰੇਵਾਲ
ਮੁੱਖ-ਸੰਪਾਦਕ
(ਵਰਲਡ ਸਿੱਖ ਨਿਊਜ਼)



# ਤਤਕਰਾ


| | ਪੰਨਾ |
|---|---|
| ਸਿੱਖੀ | 1 |
| ਮੇਰਾ ਪੰਜਾਬ | 9 |
| ਮੈਂ ਹਾਂ ਧਰਤ ਪੰਜਾਬ ਦੀ.... | 29 |
| ਅਕਾਲ ਤਖ਼ਤ | 34 |
| ਯਾਦ | 37 |
| ਕਹਿੰਦੇ ਨੇ | 42 |
| ਸੱਜਰਾ ਬਦਲਾ | 54 |
| ਕਾਰਾ | 63 |
| ਚਿੱਠੀ | 66 |
| ਮੈਂ ਸੁਣਿਆ | 74 |
| ਸੁੰਨੀ ਝਾਂਜਰ | 79 |
| ਸੁਨੇਹੜੇ ਸਤਵੰਤ ਦੇ | 86 |
| ਫਾਂਸੀ | 90 |
| ਸਿਰਤਾਜ-ਏ-ਕੌਮ | 94 |
| ਸ਼ਰਧਾਂਜਲੀ | 97 |
| ਬੰਜਰ ਧਰਤੀ | 100 |
| ਮੇਰੀ ਕਲਮ | 104 |
| ਮੇਰੇ ਗੀਤ | 110 |

ਪੰਨਾ


| | |
|---|---|
| ਰੱਤਾ ਪਾਣੀ | 112 |
| ਸ਼ੇਰੇ ਪੰਜਾਬ ਨੂੰ | 114 |
| ਕਿਉਂ | 116 |
| ਅੱਤਵਾਦੀ | 124 |
| ਬਦਲਾ | 126 |
| ਧੂੰਨੀ | 128 |
| ਚੁੱਪ | 130 |
| ਅਰਸ਼ | 131 |
| ਟੁੱਟੇ ਬੇਰ | 134 |
| ਇਕ ਰਾਤ | 135 |
| ਥਾਣਾ | 141 |
| ਪਤਝੱੜ | 145 |
| ਵਾਢੀ ਦੀ ਰੁੱਤ | 148 |
| ਵਿਸਾਖੀ ਦੀਆਂ ਯਾਦਾਂ | 155 |
| ਚੌਹਾਰਾ | 170 |
| ਦੁਹਾਈ | 175 |
| ਨਾਂ | 180 |
| ਖੈਰ | 189 |
| ਸ਼ਰਧਾਂਜਲੀ ਸ਼ਹੀਦਾਂ ਨੂੰ | 195 |
| ਤਸਵੀਰ | 200 |






## ਸਿੱਖੀ

ਮੈ ਸਿੱਖ ਹਾਂ,
ਮੈ ਨਿਰਭਓ ਹਾਂ,
ਮੈ ਨਿਰਵੈਰ ਹਾਂ,
ਰਾਜਾ ਭੀ ਮੈ ਹਾਂ,
ਜੋਗੀ ਭੀ ਮੈ ਹਾਂ,
ਮੀਰ ਭੀ ਮੈ ਹਾਂ,
ਪੀਰ ਭੀ ਮੈਂ ਹਾਂ,
ਸੰਤ ਭੀ ਮੈ ਹਾਂ,
ਸਿਪਾਹੀ ਭੀ ਮੈ ਹਾਂ॥

ਮੈ ਸਿਰਫ ਇੱਕ ਰੱਬ ਨੂੰ ਮੰਨਦਾ ਹਾਂ
ਮੈ ਸਰਬੱਤ ਦਾ ਭਲਾ ਮੰਗਦਾ ਹਾਂ।
ਪੰਜਾਬ ਦੀ ਇਸ ਧਰਤੀ ਉਤੇ
ਨਾਨਕ ਨੇ ਇਕ ਬੀਜ ਸੀ ਬੋਇਆ॥
ਗੁਰੂ ਅਰਜਨ ਤੇ
ਤੇਗ ਬਹਾਦਰ ਇਸ 'ਤੇ
ਆਪਣਾ ਲਹੂ ਸੀ ਚੋਇਆ॥
ਹਰਗੋਬਿੰਦ ਨੇ ਰਾਖੀ ਕਰਦੇ
ਰਖਿਆ ਮੈਨੂੰ ਨਵਾਂ ਨਰੋਆ॥
ਆਨੰਦਪੁਰ ਦਸ਼ਮੇਸ਼ ਪਿਤਾ ਨੇ,
ਮੈਨੂੰ ਸੀ ਜਦ ਚਾਹਣਾ ਟੋਹਿਆ॥
ਸਿਰ ਧਰ ਤਲੀ ਦੇ ਉਤੇ ਮੈ
ਉਨ੍ਹਾਂ ਅੱਗੇ ਸੀ ਜਾ ਖਲੋਇਆ॥
ਸਭ ਨੂੰ ਉਨ੍ਹਾਂ ਬਰਾਬਰ ਕੀਤਾ
ਕਿਹਾ ਇਕ ਜੋਤ ਤੋਂ ਸਭ ਜੱਗ ਹੋਇਆ॥
ਆਪਣੇ ਹੱਥਾਂ ਨਾਲ ਉਨ੍ਹਾਂ ਨੇ
ਮੇਰੇ ਮੂੰਹ ਵਿਚ ਅੰਮ੍ਰਿਤ ਚੋਇਆ॥
ਉਸ ਮੈਨੂੰ ਸੁਰਜੀਤ ਸੀ ਕੀਤਾ
ਮੈ ਪਹਿਲਾਂ ਸੀ ਅੱਧ ਮੋਇਆ॥

ਫੇਰ ਉਨ੍ਹਾਂ ਸਿੰਘ ਸਜਾਇਆ ਮੈਨੂੰ॥
ਗਿਦੜੋਂ ਸ਼ੇਰ ਬਣਾਇਆ ਮੈਨੂੰ॥
ਸਵਾ ਲਾਖ ਨਾਲ ਲੜਾਇਆ ਮੈਨੂੰ॥
ਸਾਹਿਬ ਕੌਰ ਦੀ ਗੋਦ 'ਚ ਪਾਇਆ ਮੈਨੂੰ॥
ਆਪਣਾ ਪੁਤ ਬਣਾਇਆ ਮੈਨੂੰ॥
ਬੜੇ ਪਿਆਰ ਨਾਲ ਸਮਝਾਇਆ ਮੈਨੂੰ॥

ਹਲੀਮੀ ਹੈ ਇਸ ਸਿੱਖੀ ਦੀ ਸ਼ਾਨ॥
ਸਭ ਤੋਂ ਵੱਡਾ ਇਹ ਸਨਮਾਨ॥
ਜਦ ਹੋਰ ਚਾਰੇ ਕੰਮ ਨਾ ਆਵਣ
ਤਦ ਹੀ ਤੂੰ ਚੁਕੀ ਕ੍ਰਿਪਾਨ॥



ਹੁਕਮ ਗੁਰੂ ਦਾ ਮਨਕੇ ਮੈ,
ਆਪਣਾ ਸੀਸ ਝੁਕਾ ਦਿੱਤਾ॥
ਖੋਲ ਮੇਰਾ ਇਤਿਹਾਸ ਦੇਖ ਲੈ,
ਪਹਿਲਾਂ ਵਾਰ ਮੈ ਕੱਦੇ ਨਾ ਕੀਤਾ॥

ਇਕ ਵਾਰੀ ਸੀ ਮੈ ਘਬਰਾਇਆ॥
ਝੱਟ ਬੇਦਾਵਾ ਸੀ ਦੇ ਆਇਆ॥
ਘਰ ਆਏ ਨੂੰ ਫਟਕਾਰਾਂ ਪਈਆਂ॥
ਜੋ ਨਾਂ ਮੈਥੋਂ ਸਹੀਆਂ ਗਈਆਂ॥
ਧਰਿਆ ਪੈਰ ਰਕਾਬ ਉਤੇ ਮੈ॥
ਜਾ ਮਿਲਿਆ ਫਿਰ ਢਾਬ ਉਤੇ ਮੈ॥
ਉਨ੍ਹਾਂ ਨੇ ਮੈਨੂੰ ਮੁਕਤ ਸੀ ਕੀਤਾ॥
ਤਾਂ ਹੀ ਸੀ ਮੈ ਸਾਹ ਆਖਰੀ ਲੀਤਾ॥
ਭਾਗੋ ਜਹੀਆਂ ਮੇਰੀਆਂ ਭੈਣਾਂ॥
ਸਿੱਖੀ ਦਾ ਪਾਇਆ ਜਿਨ੍ਹਾਂ ਗਹਿਣਾ॥

ਮੌਤ ਕੋਲੋਂ ਮੈ ਡਰਿਆ ਨਹੀਂ,
ਇਹਨੂੰ ਘੁਟ ਗਲਵਕੜੀ ਪਾਈ ਮੈ॥
ਕਦੇ ਨਾ ਦਰ ਤੋਂ ਖਾਲੀ ਮੋੜੀ
ਜਦ ਆਈ, ਪਰਨਾਈ ਮੈ॥
ਬਦ ਬਦ ਕਟਵਾ ਲਏ ਮੈ॥
ਸਿਰ ਤੇ ਆਰੇ ਚਿਰਵਾ ਲਏ ਮੈ॥
ਖੋਪਰੀਆਂ ਭੀ ਲਹਾ ਲਈਆਂ ਮੈ॥
ਚਰਖੜੀਆਂ ਭੀ ਅਜ਼ਮਾ ਲਈਆਂ ਮੈ॥
ਜੋ ਸਿਰ ਤੇ ਆਇਆ ਝਲਿਆਂ ਮੈ॥
ਪਰ ਆਪਣੀ ਜਗ੍ਹਾ ਤੋਂ ਨਾਂ ਹਲਿਆਂ ਮੈ॥

ਐਨਾਂ ਖ਼ੂਨ ਸੀ ਦਿੱਤਾ ਮੈ,
ਦੁਸ਼ਮਣ ਪੀ ਪੀ ਅੱਕ ਗਿਆ॥
ਕਦੇ ਹਾਰ ਨਾ ਮੰਨੀ ਮੈ

ਦੁਸ਼ਮਣ ਆਪੇ ਥੱਕ ਗਿਆ॥
ਦੁਸ਼ਮਣ ਦੀ ਭਾਜੀ ਮੋੜੀ ਹੈ॥
ਦੇਰ ਭਾਵੇ ਲਗੀ ਥੋਹੜੀ ਹੈ॥
ਸਰਹੰਦ ਭੀ ਮੈ ਹੀ ਢਾਈ ਸੀ॥
ਉਹਦੀ ਇੱਟ ਨਾਲ ਇੱਟ ਵਜਾਈ ਸੀ॥
ਜ਼ਾਲਮ ਰਾਜ ਦੀ ਕੀਤੀ ਸਫਾਈ ਸੀ॥
ਫੇਰ ਨਾਨਕ ਸ਼ਾਹੀ ਚਲਾਈ ਸੀ॥

ਮੱਸੇ ਦਾ ਸਿਰ ਮੈ ਵੱਢਿਆ ਸੀ॥
ਉਹਨੂੰ ਦਰਬਾਰ ਸਾਹਿਬ ਚੋਂ ਕੱਢਿਆ ਸੀ॥
ਮੈ ਦਿੱਲੀ ਭੀ ਜਿੱਤ ਲੀਤੀ ਸੀ॥
ਫਿਰ ਐਵੇ ਹੀ ਛੱਡ ਦਿੱਤੀ ਸੀ॥
ਜਦ ਅਬਦਾਲੀ ਹਰਿਮੰਦਰ ਵੜਿਆ ਸੀ॥
ਮੈ ਖਿਨਾਂ ਸਿਰ ਤੋਂ ਲੜਿਆ ਸੀ॥
ਕੋਈ ਅੱਗੇ ਨਾ ਮੇਰੇ ਖੜ੍ਹਿਆ ਸੀ॥
ਉਹ ਮੁੜ ਪੰਜਾਬ ਨਾ ਵੜਿਆ ਸੀ॥
ਅਟਕ ਭੀ ਮੈ ਅਟਕਾ ਛਡਿਆ॥
ਜਮਰੌਦ ਭੀ ਝੰਡਾ ਲਾ ਛਡਿਆ॥
ਪਠਾਨ ਨੂੰ ਮੈ ਡਰਾ ਛਡਿਆ॥
ਉਹਨੂੰ ਨਲੂਆ ਨਲੂਆ ਕਰਾ ਛਡਿਆ॥
"ਰਣਜੀਤ" ਨਗਾਰਾ ਬਜਾ ਛੱਡਿਆ॥
ਅੰਗਰੇਜ਼ ਭੀ ਮੈ ਭਜਾ ਛੱਡਿਆ॥

ਜੂਨ ਚਰਾਸੀ ਵਿੱਚ ਜੋ ਹੋਇਆ॥
ਸ਼ਬਦਾਂ ਵਿੱਚ ਨਾ ਜਾਵੇ ਪਰੋਇਆ॥
ਅਕਾਲ ਤਖਤ ਢੈ ਢੇਰੀ ਹੋਇਆ॥
ਸਰੋਵਰ ਲਾਲੋ ਲਾਲ ਸੀ ਹੋਇਆ॥
ਪੱਗਾਂ ਨਾਲ ਹੱਥ ਬੰਨ ਬੰਨ ਮਾਰੇ॥
ਕਲਗੀਧਰ ਦੇ ਪੁਤ ਪਿਆਰੇ॥
ਭੈਣਾਂ ਦੀ ਪੱਤ ਗਈ ਲੁੱਟੀ॥
ਫ਼ੌਜਾਂ ਨੂੰ ਖੁਲ੍ਹੀ ਸੀ ਛੁੱਟੀ॥



ਹਰਿਮੰਦਰ ਸਾਹਿਬ ਛਲਨੀ ਹੋਇਆ॥
ਉਹਨਾਂ ਮੇਰਾ ਜਰਨੈਲ ਸੀ ਖੋਹਿਆ॥
ਉਥੇ ਐਨਾ ਕਹਿਰ ਸੀ ਹੋਇਆ॥
ਮੀਆਂ ਮੀਰ ਸੀ ਅੰਥੋਰ ਰੋਇਆ॥
ਜਲ੍ਹਿਆਂ ਵਾਲੇ ਬਾਗ ਜੋ ਹੋਇਆ,
ਉਸ ਦਾ ਬਦਲਾ ਲੀਤਾ ਮੈ॥
ਜੂਨ ਚਰਾਸੀ ਦੇ ਬਦਲੇ,
ਇੰਦਰਾ ਦਾ ਲਹੂ ਪੀਤਾ ਮੈ॥

ਅਜੇ ਇਕ ਭਾਜੀ ਬਾਕੀ ਹੈ।
ਜੋ ਦਿੱਲੀ ਮੇਰੇ ਸਿਰ ਚਾਹੜੀ ਹੈ॥
ਘਰ ਉਨ੍ਹਾਂ ਮੇਰੇ ਸਾੜੇ ਨੇ,
ਪੱਟੀ ਉਨ੍ਹਾਂ ਮੇਰੀ ਦਾਹੜੀ ਹੈ॥
ਭੈਣਾਂ ਦੀ ਇੱਜ਼ਤ ਲੁੱਟੀ ਹੈ,
ਉਜਾੜੀ ਸਿੱਖੀ ਦੀ ਫੁਲਵਾੜੀ ਹੈ॥
ਦੋ ਬੁਰਛ ਪੰਜਾਬ ਵਿੱਚ ਵਾੜੇ ਨੇ॥
ਜਿਨ੍ਹਾਂ ਘਰ ਘਰ ਪਾਏ ਪੁਆੜੇ ਨੇ॥
ਕਈ ਮਾਵਾਂ ਦੇ ਪੁੱਤ ਗੁਆਏ ਨੇ॥
ਕਈ ਭੈਣਾਂ ਦੇ ਵੀਰ ਰੁਲਾਏ ਨੇ॥
ਕੁਝ ਜੇਲ੍ਹਾਂ ਵਿੱਚ ਪਏ ਸੜਦੇ ਨੇ॥
ਕੁਝ 'ਮੰਡ' ਦੀ ਠੰਡ ਵਿੱਚ ਠਰਦੇ ਨੇ॥
ਪੰਜਾਬ ਵਿੱਚ ਭਾਂਬੜ ਬਲਦੇ ਨੇ॥
ਹਰ ਪਿੰਡ ਮਸਾਨ ਪਏ ਜਲਦੇ ਨੇ॥
ਉਹ ਆਪੇ ਹੀ ਅੱਗਾਂ ਲਾਉਦੇ ਨੇ॥
ਫਿਰ ਆਪੇ ਹੀ ਰੌਲਾ ਪਾਉਦੇ ਨੇ॥

ਸਤਲੁਜ ਕੰਢੇ ਲਾਸ਼ਾਂ ਮਚਣ
ਬਿਆਸ ਹੋ ਗਈ ਲਹੂ ਨਾਲ ਲਾਲ॥
ਸਿਵਿਆਂ ਦੀਆਂ ਰਾਖਾਂ ਚੋਂ ਲੱਭਣ
ਮਾਪੇ ਆਪਣੇ ਗੁਆਚੇ ਲਾਲ॥
ਗਿਧਿਆਂ ਦੇ ਵਿੱਚ ਸੁੰਨ ਵਰਤ ਗਈ

ਕੋਈ ਭੈਣ ਅੱਜ ਘੋੜੀ ਗਾਵੇ ਨਾ॥
ਭੰਗੜਿਆਂ ਵਾਲੇ ਨਚਣਾ ਭੁਲ ਗਏ
ਕੋਈ ਵੀਰ ਅੱਜ ਜੰਜੇ ਜਾਵੇ ਨਾ॥

ਅੰਮ੍ਰਿਤ ਭੀ ਅੱਜ ਗੂੰਗੀ ਹੋ ਗਈ
ਉਹ ਕੋਈ ਆਵਾਜ਼ ਉਠਾਵੇ ਨਾ॥
ਵਾਰਿਸ ਸ਼ਾਹ ਨੂੰ ਸੱਦਣ ਵਾਲੀ
ਅੱਜ ਆਪਣੀ ਕਲਮ ਉਠਾਵੇ ਨਾਂ॥
ਨੂਰਪੂਰੀ ਤੇ ਸ਼ਿਵ ਦੇ ਭਾਵੀ
ਅੱਜ 'ਪੰਜਾਬੀ' ਅਖਾਉਂਦੇ ਨਾ॥
ਪੰਜ ਦਰਿਆਵਾਂ ਦੇ ਭੀ ਪਾਣੀ
ਅੱਜ ਇਹਦੀ ਅੱਗ ਬੁਝਾਉਂਦੇ ਨਾ॥
ਤੁਸੀਂ ਸੀ ਪਹਿਲਾਂ ਤੋਂ ਹੀ ਜਾਣੂ
ਜਾਣ ਬੁਝ ਅੱਗਾਂ ਲਾਉਂਦੇ ਨਾ॥
ਭੈਣਾਂ ਦੇ ਅਥਰੂ ਸੁਕੇ ਨਾ॥
ਹਿਸਾਬ ਕਿਤਾਬ ਹਾਲੇ ਮੁਕੇ ਨਾ॥

ਕੱਦੇ ਦੁਸ਼ਮਣ ਕੋਲੋਂ ਨਾ ਹਰਿਆ ਮੈ॥
ਪਰ ਘਰ ਦੀ ਫੁੱਟ ਤੋਂ ਮਰਿਆ ਮੈ॥
ਸ਼ਹੀਦਾਂ ਦਾ ਲਹੂ ਪੁਕਾਰ ਰਿਹਾ॥
ਦਸ਼ਮੇਸ਼ ਪਿਤਾ ਲਲਕਾਰ ਰਿਹਾ॥
ਆਓ! ਸਾਰੇ ਮੱਤਾ ਪਕਾਓ॥
ਭੇਦ ਭੁਲਾਕੇ ਇਕ ਹੋ ਜਾਓ॥
ਜੋ ਬੇਦਾਵਾ ਹਨ ਦੇ ਆਏ
ਉਨ੍ਹੂੰ ਨੂੰ ਭਾਗੋ ਠੀਕ ਕਿਹਾ॥
ਜਾਓ ਜਾਕੇ ਮਾਫੀ ਮੰਗ ਲਓ,
ਸਤਿਗੁਰੂ ਹਾਲੇ ਉਡੀਕ ਰਿਹਾ॥
ਹੁਣ ਇਥੇ ਸਾਡਾ ਗੁਜ਼ਾਰਾ ਨਹੀਂ ਹੋਣਾ॥
ਖਾਲਿਸਤਾਨ ਹੁਣ ਪਊ ਬਣਾਉਣਾ॥

ਇਕ 'ਬੂਟਾ' ਕੋਸ਼ਿਸ਼ ਹੈ ਕਰਦਾ



ਇਸ ਬੂਟੇ ਦੀਆਂ ਜੜ੍ਹਾਂ ਪੁੱਟਣ ਨੂੰ॥
ਗੰਗੂ ਆਪ ਤਾਂ ਹੈ ਡਰਦਾ
ਉਹ ਲੋਹਾ ਵਰਤੇ ਲੋਹਾ ਕਟਣ ਨੂੰ॥
ਪਰ ਉਹ ਹੈ ਸਿੱਖੀ ਭੁਲ ਗਿਆ॥
ਤਖਤ ਛੱਡ ਕੁਰਸੀ ਤੇ ਹੈ ਡੁਲ੍ਹ ਗਿਆ॥
ਪਰ ਉਹ ਧੋਬੀ ਦਾ ਕੁੱਤਾ ਹੈ,
ਘਰ ਤੋਂ ਭੀ ਗਿਆ ਘਾਟ ਤੋਂ ਭੀ ਗਿਆ॥
ਬੂਟਿਆਂ ਤੈਨੂੰ ਗੱਲ ਮੈ ਦਸਾਂ
ਤੂੰ ਆਪਣੇ ਮਾਲਕ ਨੂੰ ਇਹ ਸਮਝਾਂਦੇ॥
ਉਹਦੇ ਕੰਨੀ ਇਹ ਗੱਲ ਪਾਦੇ॥
ਜਿਸ ਨੇ ਮੇਰਾ ਤਖਤ ਹੈ ਢਾਇਆ॥
ਉਸ ਦਾ ਹੈ ਮੈ ਤਖਤਾ ਉਲਟਾਇਆ॥
ਦੇਸ਼ ਨਾਲ ਉਹਨੂੰ ਪਿਆਰ ਨਾ ਕਾਈ
ਉਹਦਾ ਮਕਸਦ ਹੈ ਬਸ ਚੋਣਾਂ॥
ਉਸ ਨੇ ਅੱਤ ਬੜੀ ਹੈ ਚੁੱਕੀ
ਆਖਿਰ ਉਹਦਾ ਅੰਤ ਭੀ ਆਉਣਾ॥
ਕਹਿਦੇ ਆਪਣੀ ਜਾਨ ਬਚਾ ਲਏ
ਫਿਰ ਉਸ ਤੋਂ ਭੱਜ ਭੀ ਨਹੀਂ ਹੋਣਾ॥
ਨਹੀਂ ਤੇ ਆਪਣੀ ਮਾਤਾ ਵਾਂਗੂ
ਉਸ ਭੀ ਕਿਸੇ ਘਾਟ ਜਾ ਸੌਣਾ॥
ਰੋਂਦੀਆਂ ਨੇ ਮੇਰੀਆਂ ਲੱਖਾਂ ਭੈਣਾਂ
ਆਖਿਰ ਉਹਦੀ 'ਸੋਹਣੀ' ਭੀ ਰੋਣਾ॥

'ਜਿੰਦਾ' ਜੇਕਰ ਮਰ ਗਿਆ
ਕਈ ਮੁਰਦਿਆਂ ਫਿਰ ਜਿੰਦਾ ਹੋਣਾ॥
ਸਤਵੰਤ ਨੂੰ ਕੁਝ ਹੋ ਗਿਆ
ਲੱਖਾਂ ਬੇਅੰਤਾਂ ਫਿਰ ਪੈਦਾ ਹੋਣਾ॥

ਸਭ ਤੋਂ ਉੱਚੀ ਮੇਰੀ ਸਿੱਖੀ
ਇਹਦੀ ਸ਼ਾਨ ਹੈ ਜਗ ਤੋਂ ਨਿਆਰੀ॥
ਸਾਹਿਬ ਜਾਦਿਆਂ ਕੰਧ ਹੈ ਕੀਤੀ
ਗੁਰੂ ਨਾਨਕ ਦੀ ਇਹ ਫੁਲਵਾਰੀ
ਈਨ ਕਿਸੇ ਦੀ ਨਾ ਮੰਨੇ ਸਿੱਖੀ
ਦੁਸ਼ਮਣ ਭਾਵੇ ਕਿੰਨਾਂ ਭਾਰੀ॥
ਸਿਰ ਦੇ ਕੇ ਮੈ ਲਈ ਸੀ ਸਿੱਖੀ
ਇਹ ਜਾਨ ਤੋਂ ਵੱਧ ਮੈਨੂੰ ਪਿਆਰੀ॥
ਸਿਰ ਦੇਕੇ ਮੈ ਰਖੂੰ ਸਿੱਖੀ
ਗੁਰੂ ਬਖਸ਼ੀ ਮੈਨੂੰ ਇਹ ਸਰਦਾਰੀ॥

ਅੰਤ ਵੀਰ ਦਸਾਂ ਮੈ ਤੈਨੂੰ
ਕੀ ਕਰਾਂਗਾ ਮੈ॥
ਲੱਖ ਰਿਬੌਰ ਭਾਵੇ ਲੈ ਆ
ਇਹਨਾਂ ਕੋਲੋਂ ਨਹੀਂ ਡਰਾਂਗਾਂ ਮੈ॥
ਜਿੰਦਾ ਰਿਹਾ ਤਾਂ ਰਾਜਾ ਬਣਕੇ
ਇਕ ਦਿਨ ਰਾਜ ਕਰਾਂਗਾਂ॥
ਨਹੀਂ ਤਾਂ 'ਭੱਜੀ' ਫਿਰ ਬਾਗੀ ਬਣਕੇ
ਲਾੜੀ ਮੌਤ ਵਰਾਂਗਾਂ ਮੈ॥





## ਮੇਰਾ ਪੰਜਾਬ

ਮੇਰੇ ਪੰਜਾਬ,
ਮੇਰੀ ਮਾਂ,
ਮੈ ਤੈਨੂੰ ਪਿਆਰ ਕਰਦਾ ਹਾਂ॥
ਰੋਜ਼ ਜਿਉਦਾ ਹਾਂ ਤੇਰੇ ਲਈ,
ਤੇਰੇ ਲਈ ਮਰਦਾ ਹਾਂ॥
ਜੋ ਵਾਪਰ ਰਿਹਾ ਹੈ ਤੇਰੇ 'ਤੇ

ਉਹ ਸੁਣ ਸੁਣ ਕੇ
ਮੈ ਹੌਕੇ ਭਰਦਾ ਹਾਂ॥
ਤੈਨੂੰ ਮਿਲਣਾ ਚਾਹੁੰਦਾ ਹਾਂ,
ਪਰ ਮੈ ਆ ਨਹੀਂ ਸਕਦਾ॥
ਭਾਂਵੇ ਡਰਪੋਕ ਹੀ ਆਖੀ
ਹੱਥ ਬੰਦੂਕ ਨੂੰ ਪਾ ਨਹੀਂ ਸਕਦਾ॥

ਤੱਕ ਕੇ ਤੇਰਾ ਬੁਰਾ ਹਾਲ
ਇਕ ਦਿਨ ਮੈਨੂੰ ਰੋਣਾ ਆਇਆ॥
ਪਤਾ ਨਹੀਂ ਕੀ ਹੋਇਆ ਮੈਨੂੰ
ਅਚਾਨਕ ਹੱਥ ਕਲਮ ਨੂੰ ਪਾਇਆ॥
ਸਮਝ ਮੈਨੂੰ ਹਮਦਰਦ ਆਪਣਾ
ਦਿਲ ਖੋਲ੍ਹ ਕੇ ਹਾਲ ਸੁਣਾਈ॥
ਮੈ ਤੈਥੋਂ ਕੁਝ ਨਹੀਂ ਲੁਕਾਉਦਾ
ਤੂੰ ਨਾ ਮੈਥੋਂ ਕੁਝ ਲੁਕਾਈ॥
ਇਹ ਕਲਮ ਹੈ ਤੇਰੀ ਅਮਾਨਤ
ਜੋ ਚਾਹੇ ਇਸ ਤੋਂ ਲਿਖਵਾਈ॥

ਬੈਠਾਂ ਹਾਂ ਕੋਹਾਂ ਤੇ,
ਪਰ ਦਿਲ ਮੇਰਾ ਤਾਂ,
ਤੇਰੇ ਵਿੱਚ ਹੈ॥
ਤੜਫ ਜਿਹੀ ਹੈ ਲੱਗੀ ਮੈਨੂੰ,
ਪਤਾ ਨਹੀਂ ਇਹ,
ਕੇਹੀ ਖਿੱਚ ਹੈ॥
ਰਹਿ ਗਈਆਂ ਬੱਸ ਮੇਰੇ ਪੱਲੇ,
ਤੇਰੀਆਂ ਕੁਛ ਯਾਦਾਂ॥
ਸਿਖਰ ਦੁਪਹਿਰੇ ਲੁਟਿਆ ਤੈਨੂੰ
ਰੱਲ ਤੇਰਿਆਂ ਹੀ ਸੈਯਾਦਾਂ॥
ਜੰਮ ਸਕਿਆ ਨਾ ਤੇਰੀ ਧਰਤੀ ਤੇ,
ਪਰ ਜੰਮਿਆ ਇਕ ਪੰਜਾਬਣ ਦੀ ਕੁੱਖ ਤੋਂ॥
ਚੱਲ ਵਸੀ ਉਹ ਸਾਨੂੰ ਛੱਡਕੇ



ਬਸ ਇੱਕ ਨਿੱਕੇ ਜਿਹੇ ਦੁੱਖ ਤੋਂ॥
ਪਰ ਦੂਰ ਬੈਠੀ ਉਸ ਮੇਰੀ ਜਨਨੀ,
ਪਿਆਰ ਮੇਰਾ ਤੇਰੇ ਨਾਲ ਪਾਇਆ॥
ਇਹ ਉਸਦਾ ਹੀ ਸਦਕਾ ਹੈ,
ਜੋ ਉਸ ਮੈਨੂੰ ੳ, ਅ ਸਿਖਾਇਆ॥
ਕੁਝ ਵਰ੍ਹੇ ਮੈ, ਆਪਣੀ ਜਵਾਨੀ ਦੇ,
ਤੇਰੀ ਗੋਦ ਵਿੱਚ ਗੁਜ਼ਾਰੇ ਸੀ॥
ਉਹ ਕਿੰਨ੍ਹੇ ਚੰਗੇ ਦਿਨ ਸਨ,
ਇੱਕਠੇ ਜਦੋਂ ਸਾਰੇ ਸੀ॥
ਹਰ ਪਾਸੇ ਬਹਾਰਾਂ ਸਨ,
ਰੰਗੀਨ ਨਜ਼ਾਰੇ ਸੀ॥
ਇਥੇ ਮੈਨੂੰ ਕੁਝ ਦੋਸਤ ਲੱਭੇ,
ਜੋ ਭਰਾਵਾਂ ਨਾਲੋਂ ਹੈ ਵੱਧਕੇ॥
ਉਹ ਬਣੇ ਤੇਰੀ ਮਿੱਟੀ ਤੋਂ,
ਇਹ ਤੇਰੇ ਪਾਣੀ ਦੇ ਸਦਕੇ॥

ਬਹਾਰਾਂ ਹੀ ਬਹਾਰਾਂ ਸਨ॥
ਖਿੜੀਆਂ ਗੁਲਜ਼ਾਰਾਂ ਸਨ॥
ਯਾਰਾਂ ਦੀਆਂ ਡਾਰਾਂ ਸਨ॥

ਜਿੱਧਰ ਨੂੰ ਤੁਰ ਪੈਦੇ॥
ਬੱਸ ਜਾਂਦੇ ਸੀ ਖਹਿੰਦੇ॥
ਕੋਈ ਅੱਗੇ ਨਾ ਖੜ੍ਹਦਾ ਸੀ॥
ਜੋ ਅੜਦਾ ਉਹ ਝੜਦਾ ਸੀ॥

ਪਟਿਆਲੇ ਦੀਆਂ ਗਲੀਆਂ ਵਿੱਚ,
ਬਣ ਸ਼ਹਿਜ਼ਾਂਦੇ ਅਸੀਂ,
ਰਾਤਾਂ ਨੂੰ ਘੁੰਮਦੇ ਸੀ॥
ਚਾਨਣੀਆਂ ਰਾਤਾਂ ਨੂੰ
ਬਸੰਤ ਦੀਆਂ ਰੁੱਤਾਂ ਨੂੰ,
ਬਹਾਰਾਂ ਬਣ ਝੂੰਮਦੇ ਸੀ॥

ਨਾ ਕੋਈ ਰੋਕਣ ਵਾਲਾ ਸੀ॥
ਨਾ ਕੋਈ ਟੋਕਣ ਵਾਲਾ ਸੀ॥
ਪਤਾ ਨਹੀਂ ਸੀ ਉਦੋਂ,
ਹੁੰਦਾ ਕੀ ਹੈ ਡਰ॥
ਆਇਆ ਸੀ ਦੂਰੋਂ ਮੈ
ਪਰ ਲੱਗਦਾ ਸੀ ਆਪਣਾ ਘਰ॥

ਤੇਰੇ ਇਸੇ ਗੁਲਸ਼ਨ ਚੋਂ
ਲੱਭੀ ਮੈਨੂੰ ਮੇਰੇ ਦਿਲ ਦੀ ਰਾਣੀ ਨੀ॥
ਬਣੀ ਉਹ ਤੇਰੀ ਮਿੱਟੀ ਤੋਂ
ਪੀਤਾ ਉਸ ਤੇਰੇ ਖੂਹਾਂ ਦਾ ਪਾਣੀ ਨੀ॥

ਅੰਬਰ ਜਦੋਂ ਲਾਲ ਹੁੰਦਾ
ਸਵੇਰ ਜਦ ਆਉਂਦੀ ਤਾਂ,
ਤੇਰੇ ਪੁਰੇ ਦੀ ਵਾਅ,
ਸੁੱਤਿਆਂ ਨੂੰ ਆ ਜਗਾਇਆ ਸੀ॥
ਕੁੱਕੜ ਦੀ ਬਾਂਗ ਕਿਤੇ,
ਆਸਾ ਦੀ ਵਾਰ ਕਿਤੇ,
ਜਾਂ ਇੱਕਠੀਆਂ ਹੋ ਮਧਾਣੀਆਂ ਨੇ
ਕਿਧਰੇ ਰੌਲਾ ਪਾਇਆ ਸੀ॥
ਤੇਰੇ ਹੀ ਬਾਗਾਂ ਵਿੱਚ,
ਇੱਕਠੀਆਂ ਹੋ ਚਿੜੀਆਂ ਨੇ,
ਕਿਧਰੇ ਚੀ ਚੀ ਲਾਈ ਸੀ॥
ਜਾਂ ਇੱਕਲੇ ਬਹਿ ਮੋਰਾਂ ਨੇ
ਤੱਕ ਸਾਵਣ ਦੇ ਬੱਦਲਾਂ ਨੂੰ
ਪੈਲ੍ਹ ਆ ਪਾਈ ਸੀ॥
ਜੋੜ ਬੱਲਦ ਪੰਜਾਲੀ ਵਿੱਚ,
ਰੱਖ ਹਲ ਮੋਢੇ 'ਤੇ,
ਖੇਤਾਂ ਨੂੰ ਤੁਰ ਪੈਂਦੇ,
ਕੁਝ ਤੇਰੇ ਹਾਲੀ ਸੀ॥
ਬੱਚੇ ਨੂੰ ਉਂਗਲ ਲਾ



ਸਿਰ 'ਤੇ ਕੁੱਜਾ ਲੱਸੀ ਦਾ,
ਭੱਤਾ ਲੈ ਤੁਰ ਪਈ ਜੋ,
ਤੇਰੇ ਖੇਤਾਂ ਵਾਲੀ ਸੀ॥

ਪਿੱਪਲ ਦੇ ਪੱਤਿਆਂ ਭੀ
ਕੇਹੀ ਖੜ ਖੜ ਲਾਈ ਸੀ॥
ਕੁਝ ਕਹਿਣਾ ਚਾਹੁੰਦੇ ਉਹ
ਕੋਈ ਬਾਤ ਉਨ੍ਹਾਂ ਪਾਈ ਸੀ॥
ਉਸ ਪਿੱਪਲ ਥੱਲੇ ਨੀ,
ਸਿਖਰ ਦੁਪਿਹਰੇ ਨੂੰ,
ਕੁਝ ਕੁੜੀਆਂ ਆ ਗਈਆਂ॥
ਖਿੜ ਖਿੜ ਹੱਸਣ ਉਹ,
ਪੀਘਾਂ ਨਾਲੇ ਝੂਟਣ ਉਹ,
ਨਾਲੇ ਕਿੱਕਲੀਆਂ ਪਾ ਗਈਆਂ॥
ਕਿਤੇ ਕੋਟਲਾ ਛਪਾਕੀ ਸੀ,
ਪਿੱਛੇ ਕੋਈ ਵੇਹਦਾ ਤਾਂ,
ਉਹਦੀਆਂ ਛਾਮਤਾਂ ਆ ਗਈਆਂ॥
ਗੁੱਲੀ ਡੰਡਾ ਉਹ
ਜਾਂ ਉਹ ਖੁੱਦੋ ਖੂੰਡੀ ਸੀ,
ਭੱਜੀ ਫਿਰਦੀ ਜੋ,
ਉਹ ਮੁੰਡਿਆਂ ਦੀ ਢਾਣੀ ਸੀ॥
ਖੇਲ ਕੱਬਡੀ ਦਾ,
ਚੰਨ ਚਾਨਣੀਆਂ ਰਾਤਾਂ ਨੂੰ,
ਰਲ ਖੇਡਦੇ ਹੁੰਦੇ ਸੀ
ਮੈ ਤੇ ਮੇਰੇ ਹਾਣੀ ਸੀ॥
ਕੀ ਉਹ ਖੇਲ ਤਮਾਸ਼ੇ ਸਨ॥
ਹਰ ਪਾਸੇ ਹਾਸੇ ਹੀ ਹਾਸੇ ਸਨ॥

ਤੇਰੀ ਇਸ ਧਰਤੀ ਤੇ ਬਹਿ
ਗੁਰੂਆਂ ਲਿਖਾਈ ਬਾਣੀ ਹੈ॥
ਤੇਰੇ ਪੰਜ ਦਰਿਆਵਾਂ ਦੀ

ਲੰਮੀ ਕਹਾਣੀ ਹੈ॥
ਸੁਲਤਾਨਪੁਰ ਲੋਧੀ ਦੇ,
ਇਕ ਬੇਈ ਦੇ ਕੰਢੇ ਤੇ,
ਨਾਨਕ ਚੁੱਭੀ ਲਾਈ ਸੀ॥
ਨਿਰੰਕਾਰ ਨੂੰ ਮਿਲਿਆ ਉਹ,
ਬਾਹਰ ਜਦ ਆਇਆ ਉਹ,
ਉਸ ਸੋਝੀ ਪਾਈ ਸੀ॥
"ਨਾ ਕੋਈ ਹਿੰਦੂ ਹੈ,
ਨਾ ਕੋਈ ਮੁਸਲਮਾਨ ਹੈ,"
ਉਸ ਹੋਕਾ ਲਾਇਆ ਸੀ॥
ਘੁੰਮ ਕੇ ਸਾਰੀ ਦੁਨੀਆਂ ਨੂੰ,
ਰਾਵੀ ਦੇ ਕੰਢੇ ਆ,
ਉਸ ਡੇਰਾ ਪਾਇਆ ਸੀ॥
ਤੱਕ ਤੇਰੀਆਂ ਰੁੱਤਾਂ ਨੂੰ
ਇਸ ਧਰਤੀ ਤੇ ਬਹਿ ਕੇ
ਬਾਰਾਂ ਮਾਂਹ ਭੀ ਗਾਇਆ ਸੀ॥
ਖੇਤੀ ਉਸ ਕੀਤੀ ਸੀ,
ਇਕ ਸ਼ਹਿਰ ਵਸਾਇਆ ਸੀ॥
ਪਰ ਅੱਜ ਉਹ ਕਿਉਂ ਵੱਸਦਾ ਨਹੀਂ॥
ਮੈਨੂੰ ਕੋਈ ਦੱਸਦਾ ਨਹੀਂ॥

ਜੇਠ ਦੀ ਗਰਮੀ 'ਚ
ਰਾਵੀ ਦੇ ਕੰਢੇ ਤੇ,
ਅਰਜੰਨ ਭੀ ਆਇਆ ਸੀ॥
ਸਿਰ ਵਿੱਚ ਉਹਦੇ ਰੇਤਾ ਸੀ,
ਪਿੰਡੇ ਤੇ ਛਾਲੇ ਸਨ
ਹੱਥੀ ਸੰਗਲ ਪਾਇਆ ਸੀ॥
ਡੁੱਬਕੀ ਮਾਰੀ ਉਸ
ਤੱਕ ਉਹਦੇ ਦੁੱਖੜੇ ਨੂੰ
ਤੂੰ ਆਪਣੀ ਗੋਦ ਛੁਪਾਇਆ ਸੀ॥



ਸਰਸਾ ਦੇ ਕੰਢੇ ਤੇ
ਪੋਹ ਦੀਆਂ ਰਾਤਾਂ ਨੂੰ,
ਗੋਬਿੰਦ ਸਿੰਘ ਆਇਆ ਸੀ॥
ਨੀਲੇ ਤੇ ਚੜ੍ਹਿਆ ਸੀ,
ਹੱਥ ਖੰਡਾ ਫੜਿਆ ਸੀ,
ਸਿੱਖ ਸੀ ਕੁਛ ਨਾਲ ਉਹਦੇ,
ਸਾਰਾ ਪ੍ਰਿਵਾਰ ਲਿਆਇਆ ਸੀ॥
ਪਰ ਤੇਰੀ ਖੂਨੀ ਸਰਸਾ ਨੇ,
ਖਜ਼ਾਨਾ ਉਹਦਾ ਰੋੜ੍ਹ ਦਿੱਤਾ॥
ਇੱਕਠਾ ਜੋ ਆਇਆ ਸੀ
ਪ੍ਰਿਵਾਰ ਵਿਛੋੜ ਦਿੱਤਾ ॥

ਤੇਰੀ ਇਸ ਧਰਤੀ ਤੇ
ਕਈ ਤੇਰੇ ਆਸ਼ਕ ਸੁੱਤੇ ਨੇ॥
ਗਏ ਕਈ ਉਮਰਾਂ ਭੋਗ ਕੇ
ਚੱਲ ਵਸੇ ਕੋਈ ਚੜ੍ਹਦੀ ਰੁੱਤੇ ਨੇ॥
ਝਨਾਂ ਦੇ ਕੰਢਿਆਂ ਤੇ
ਇਕ ਦਿਨ ਸੋਹਣੀ ਆਈ ਸੀ॥
ਪੱਕਾ ਉਹਨੂੰ ਲੱਭਿਆ ਨਹੀਂ
ਕੱਚਾ ਘੜ੍ਹਾ ਲੈ ਆਈ ਸੀ॥
ਮਹੀਂਵਾਲ ਨੂੰ ਮਿਲਣ ਦੀ ਖਾਤਿਰ
ਉਸ ਐਸੀ ਚੁੱਭੀ ਲਾਈ ਸੀ॥
ਕੱਚਿਆਂ ਨੇ ਕੀ ਤਰਨਾ
ਉਸ ਆਪਣੀ ਜਾਨ ਗਵਾਈ ਸੀ॥

ਭਾਂਵੇ ਉਹ ਸਤਲੁਜ ਦਾ
ਜਾਂ ਝਨਾਂ ਦਾ ਪਾਣੀ ਹੈ॥
ਹਰ ਪਾਣੀ ਦੀ ਤੇਰੇ ਨਾਲ

ਜੁੜੀ ਕੋਈ ਕਹਾਣੀ ਹੈ॥
ਤੇਰੇ ਪਾਣੀ ਦਾ ਸਦਕਾ ਹੀ
ਜੋ ਇਸਨੂੰ ਪੀਂਦਾ ਹੈ॥
ਉਹ ਇੱਜ਼ਤ ਲਈ ਮਰ ਜਾਂਦਾ
ਗੈਰਤ ਨਾਲ ਜੀਂਦਾ ਹੈ॥
ਰੋਟੀ ਆਪ ਕਮਾਉਂਦਾ ਹੈ
ਕਿਤੇ ਹੱਥ ਨਹੀਂ ਅੱਡਦਾ॥
ਹੱਕ ਕਿਸੇ ਦਾ ਖੋਂਹਦਾ ਨਹੀਂ
ਹੱਕ ਆਪਣਾ ਭੀ ਨਹੀਂ ਛੱਡਦਾ॥
ਅੱਖ ਗੈਹਰੀ ਕੋਈ ਕਰੇ ਤੇਰੇ ਤੇ
ਉਹ ਅੱਖ ਹੈ ਕੱਢਦਾ॥
ਕੋਈ ਉਂਗਲ ਚੁੱਕੇ ਤੇਰੇ ਤੇ
ਉਹ ਬਾਂਹ ਹੈ ਵੱਢਦਾ॥
ਪੁੱਤਰ ਤੇਰੇ ਜੋ
ਇਹ ਕਥਨੀ ਕਰਨੀ ਦੇ ਪੂਰੇ ਨੇ॥
ਵੈਰੀ ਤੋਂ ਨਾ ਡਰਦੇ
ਐਸੇ ਇਹ ਸੂਰੇ ਨੇ॥
ਦਿਲ ਇੰਨ੍ਹਾਂ ਦੇ ਖੁਲ੍ਹੇ ਨੇ
ਤੇਰੇ ਦਰਿਆਵਾਂ ਵਾਂਗੂੰ॥
ਗੈਰਾਂ ਨੂੰ ਵੀ ਮਿਲਦੇ ਇਹ,
ਵਿਛੜੇ ਹੋਏ ਯਾਰਾਂ ਵਾਂਗੂੰ॥
ਗਜ਼ ਗਜ਼ ਦੀਆਂ ਛਾਤੀਆਂ ਨੇ,
ਲੋਹੇ ਦੇ ਡੌਲੇ ਨੇ॥
ਵਲ ਛਲ ਨਾ ਇੰਨ੍ਹਾ 'ਚ ਕੋਈ
ਅੰਦਰੋਂ ਬੜੇ ਭੋਲੇ ਨੇ॥
ਤੱਕ ਪੱਕੀਆਂ ਫਸਲਾਂ ਨੂੰ
ਭੰਗੜੇ ਇਹ ਪਾਉਂਦੇ ਨੇ॥
ਜਾਂ ਇੱਕਠੇ ਬਹਿ ਰਾਤਾਂ ਨੂੰ



ਢੋਲੇ ਇਹ ਗਾਉਂਦੇ ਨੇ॥
ਮਜ਼ਬੂਤ ਇਰਾਦੇ ਨੇ
ਇਨ੍ਹਾਂ ਦੇ ਪਹਾੜਾਂ ਤੋਂ॥
ਪਰ ਜੇ ਇਹ ਥਰ ਸਕਣ
ਵਿੱਚ ਪਈਆਂ ਦਰਾੜਾਂ ਤੋਂ॥
'ਜੈਲੇ' ਜਿਹੇ ਸਿੱਖਾਂ ਤੋਂ
'ਦਿਆਲ' 'ਬਰਾੜਾਂ' ਤੋਂ॥
ਤੁਥ ਪੈਣ ਜੇ ਇੱਕਠੇ ਹੋ
ਦਰਿਆ ਇਹ ਅਟਕਾਉਂਦੇ ਨੇ॥
ਅੜ੍ਹ ਜਾਣ ਜੇ ਸੱਚ ਉਤੇ
ਬੰਦ ਬੰਦ ਕਟਵਾਉਂਦੇ ਨੇ॥

ਬੀਕਾਨੇਰ ਦੇ ਟਿੱਬੇ ਉਹ,
ਭਾਂਵੇ ਯੂ. ਪੀ ਦੇ ਜੇ ਜੰਗਲ ਸੀ,
ਜਾ ਵੱਸੇ ਪ੍ਰਦੇਸ਼ਾਂ ਵਿੱਚ,
ਬੈਠੇ ਅੱਜ ਅਮਰੀਕਾ ਹੈ।
ਮਿੱਟੀ ਨਾਲ ਘੁੱਲਕੇ ਇਹ,
ਮਿੱਟੀ ਹੀ ਬਣ ਜਾਂਦੇ ਨੇ,
ਖੇਤੀ ਕਰਨੇ ਦਾ,
ਵੱਖਰਾ ਹੀ ਤਰੀਕਾ ਹੈ॥
ਪੱਟਕੇ ਇਹ ਜੰਗਲਾਂ ਨੂੰ
ਫਸਲਾਂ ਨੇ ਉਗਾ ਲੈਂਦੇ॥
ਜਿੱਥੇ ਭੀ ਜਾ ਬਹਿੰਦੇ
ਸੁਰਗ ਬਣਾ ਲੈਂਦੇ॥
ਪਰ ਯਾਦ ਤੇਰੀ ਨੂੰ ਇਹ
ਦਿਲੋਂ ਨਾ ਭਲਾਉਂਦੇ ਨੇ॥
ਜੋ ਆਵੇ ਵਤਨਾਂ ਤੋਂ,
ਉਹਨੂੰ ਸੀਨੇ ਨਾਲ ਲਾਉਂਦੇ ਨੇ॥

ਪਿਆਰ ਨਾਲ ਭਾਂਵੇ ਇਹਨੂੰ
ਕੋਈ ਸਾਰਾ ਹੀ ਖਾ ਜਾਵੇ।।
ਗੰਨਾ ਇਹ ਦਿੰਦਾ ਨਹੀਂ
ਭਾਂਵੇ ਭੇਲੀ ਕੋਈ ਖਾ ਜਾਵੇ।।
ਪਰ ਜਦ ਇੱਜ਼ਤ ਇਹਦੀ ਤੇ
ਕੋਈ ਚੜ੍ਹਕੇ ਆ ਜਾਵੇ।।
ਪਿੱਛੇ ਨਹੀਂ ਹੱਟਦੇ ਇਹ
ਪਹਾੜਾਂ ਨਾਲ ਟਕਰਾਉਂਦੇ ਨੇ।।
ਪਿੱਘਲਾ ਕੇ ਦਾਤਰੀਆਂ ਨੂੰ
ਤਲਵਾਰਾਂ ਬਣਾਉਂਦੇ ਨੇ।।
ਛਾਤੀ ਆਪਣੀ ਨੂੰ,
ਇਹ ਢਾਲ ਬਣਾ ਲੈਂਦਾ।।
ਤੇਰੀ ਇੱਜ਼ਤ ਦੀ ਖਾਤਰ
ਆਪਣੀ ਜਾਨ ਲੁਟਾ ਦੇਂਦਾ।।

ਸਿਕੰਦਰ ਭੀ ਆਇਆ ਸੀ।।
ਮੱਥਾ ਪੰਜਾਬੀਆਂ ਨਾਲ ਲਾਇਆ ਸੀ।।
ਭਾਂਵੇ ਪੁਰੂ ਸੀ ਹਾਰ ਗਿਆ।।
ਪਰ ਸਿਕੰਦਰ ਵਿਚਾਰ ਗਿਆ।।
ਇਹ ਸ਼ੇਰ ਅਣਖੀਲੇ ਨੇ।।
ਨਾ ਚੱਲਣੇ ਉਹਦੇ ਹੀਲੇ ਨੇ।।
ਬਿਆਸਾ ਤੋਂ ਪਰਤ ਗਿਆ।।
ਰੱਖ ਨਾ ਕੋਈ ਸ਼ਰਤ ਗਿਆ।।

ਧੀਆਂ ਤੇਰੀਆਂ ਭੀ,
ਅਣਖੀਲੀਆਂ ਨਾਰਾਂ ਨੇ।।
ਸਿਰ ਤੇ ਜਦ ਪੈ ਜਾਂਦੀ
ਇਹ ਫੜਨ ਤਲਵਾਰਾਂ ਨੇ।।



ਪਰ ਵਿਆਹ ਆਪਣੇ ਵੀਰਾਂ ਦੇ,
ਇਹ ਘੋੜੀਆਂ ਗਾਉਂਦੀਆਂ ਨੇ।.
ਕਿੱਕਲੀ ਜਾਂ ਗਿੱਧਾ ਪਾ
ਆਪਣਾ ਦਿਲ ਪਰ੍ਚਾਉਂਦੀਆਂ ਨੇ।।

ਸੂਰਜ ਜਿਹੀ ਗਰਮੀ ਏ,
ਚੰਦ ਵਰਗੀ ਠਾਰ ਇਨ੍ਹਾਂ ਵਿੱਚ।।
ਆਪਣੇ ਮਹੀਂਵਾਲ ਦੀ ਖਾਤਿਰ,
ਡੁੱਬ ਮਰਨ ਇਹ ਝਨਾਂ ਵਿੱਚ।।
ਜੰਮੇ ਇਨ੍ਹਾਂ ਰਾਜੇ ਨੇ,
ਯੋਧੇ ਜਰਨੈਲ ਭੀ ਕਈ।।
ਉਹਾ ਨਿਵਾਜਿਆ ਬਾਬੇ ਨਾਨਕ,
ਇਨ੍ਹਾਂ ਨੂੰ ਇਸੇ ਲਈ।।

ਈਸਾ ਹਾਲੇ ਜੰਮਿਆਂ ਨਹੀਂ ਸੀ,
ਜਦੋਂ ਰਿਸ਼ੀ ਵੇਦਾਂ ਨੂੰ ਰਚਦੇ ਸੀ।।
ਪੁੱਟ ਹੜੱਪਾ-ਰੋਪੜ ਵੇਖ ਲੈ,
ਕਿਂਝ ਤੇਰੇ ਪੁੱਤ ਵੱਸਦੇ ਸੀ।।

ਇਹ ਧਰਤੀ ਭਾਗਾਂ ਭਰੀ ਤੇਰੀ,
ਸੋਹਣੀ ਮਹੀਂਵਾਲ ਜਾਂ ਰਾਂਝੇ ਹੀਰਾਂ ਦੀ।।
'ਰਸਾਲੂ' ਵਰਗੇ ਰਾਜਿਆਂ ਦੀ,
ਜਾਂ ਨਾਨਕ ਜਿਹੇ ਫਕੀਰਾਂ ਦੀ।.
ਜ਼ੋਰਾਵਰ ਤੇ ਫਤਹਿ ਸਿੰਘ ਦੀ
ਜਾਂ ਅਜੀਤ, ਜੁਝਾਰ ਜਿਹੇ ਵੀਰਾਂ ਦੀ।।
ਫਰੀਦ ਜਿਹੇ ਸੂਫੀ ਸੰਤਾਂ ਦੀ,
ਜਾਂ ਅਰਜਨ ਦੇ ਮੀਆਂ ਮੀਰਾਂ ਦੀ।।
ਧਰਤ ਇਹ ਗਦਰੀ ਬਾਬਿਆਂ ਦੀ,

ਜਾਂ ਭਗਤ ਸਿੰਘ ਜਿਹੇ ਵੀਰਾਂ ਦੀ॥
ਤੂੰ ਤਸਵੀਰ ਏ ਅੰਮ੍ਰਿਤਾ ਸ਼ੇਰਗਿੱਲ ਦੀ,
'ਸੋਹਣੀ ਮਹੀਂਵਾਲ' ਭੀ ਸੋਭਾ ਸਿੰਘ ਦੀ ਤੂੰ॥
ਧਨੀ ਰਾਮ ਚਾਤ੍ਰਿਕ ਦੀ
ਹੈ 'ਚੰਦਨਵਾੜੀ' ਤੂੰ॥
ਠਾਕਰ ਸਿੰਘ ਜੋ ਬਣਾਈ ਸੀ,
ਉਹ ਪੰਜਾਬਣ ਲਾੜੀ ਤੂੰ॥
ਸਾਹਿਬਾਂ ਭੀ ਤੂੰ ਏ ਮਿਰਜ਼ੇ ਦੀ,
'ਕਾਫੀ' ਭੀ ਬੁੱਲ੍ਹੇ ਸ਼ਾਹ ਦੀ ਤੂੰ॥
ਮਹਿਬੂਬਾਂ ਭੀ ਰਣਜੀਤ ਦੀ ਤੂੰਹੀਓਂ,
ਹੀਰ ਭੀ ਵਾਰਿਸ ਸ਼ਾਹ ਦੀ ਤੂੰ॥

ਵੀਰ ਸਿੰਘ ਇੱਥੇ ਪੈਦਾ ਹੋਇਆ,
ਰੱਬ ਨਾਲ ਉਹਨੇ ਸਾਂਝ ਪਾਈ ਸੀ॥
'ਨਿਰਾ ਨੂਰ' ਉਹਦੇ ਹੱਥ ਨਾ ਆਇਆ,
ਕੰਬਦੀ ਰਹੀ ਉਹਦੀ ਕਲਾਈ ਸੀ॥
ਤੇਰੇ ਪਿਆਰੇ ਇੱਕ 'ਮੋਹਣੇ' ਨੇ,
ਤੇਰੇ ਹੀ ਵਿਹੜੇ ਦੇ ਵਿੱਚ,
ਇਕ 'ਅੰਬੀ ਦਾ ਬੂਟਾ' ਲਾਇਆ ਸੀ॥
ਇੱਕ ਬ੍ਰਿਹੋ ਮਾਰੀ ਨੇ,
ਉਸ ਬੂਟੇ ਥੱਲੇ ਬਹਿ,
ਪਿਆਰ ਦਾ ਚਰਖ਼ਾ ਡਾਹਿਆ ਸੀ॥

'ਗੋਰੀ' ਤੂੰ ਨੂਰਪੁਰੀ ਦੀ ਏ
ਤੇਰੇ ਪੈਰੀ ਉਸ ਝਾਂਜਰਾਂ ਪਾਈਆਂ ਸੀ॥
ਬਣ ਕੇ ਤੂੰ 'ਸ਼ੌਕਣ ਮੇਲੇ ਦੀ'
ਹਰ ਪਿੰਡ ਵਿੱਚ ਧਮਾਲਾਂ ਪਾਈਆਂ ਸੀ॥
ਪਰ ਭੁੱਖਾ ਉਹ ਕਿਉ ਮਰਿਆ॥



ਜਾਵੇ ਨਾ ਮੈਥੋਂ ਜਰਿਆ॥

ਇਹਨੀ ਇਨੀ ਤੇਰੇ ਬਾਗਾਂ ਵਿੱਚ,
ਦੋ ਕੋਇਲਾਂ ਛਿਪਦਿਉਂ ਆਈਆਂ ਸੀ॥
ਇਕੋ ਜਿਹਾ ਸੀ ਕੂਕਦੀਆਂ
ਉਹ ਇੱਕ ਅੰਮੜੀ ਦੀਆਂ ਜਾਈਆਂ ਸੀ॥
ਇਕ ਚਲੀ ਗਈ ਇਕ ਬਾਕੀ ਹੈ,
ਅੱਜ ਭੀ ਉੱਝ ਹੀ ਗਾਉਦੀ ਹੈ॥
ਪਰ ਵਿਛੜੀ ਆਪਣੀ ਭੈਣ ਲਈ
ਇੱਕ ਕੂੰਜ ਵਾਂਗ ਕੁਰਲਾਉਂਦੀ ਹੈ॥

'ਸ਼ਿਵ' ਤੇਰੇ ਛੋਟੇ ਪੁੱਤਰ ਨੇ,
'ਬਿਰਹੋ' ਨੂੰ ਯਾਰ ਬਣਾਇਆ ਸੀ॥
'ਜੋਬਨ ਰੁੱਤੇ' ਉਹ ਚੱਲ ਵੱਸਿਆ,
ਪਰ ਨਾਂ ਉਹਨੇ ਤੇਰਾ ਚਮਕਾਇਆ ਸੀ॥
ਪ੍ਰਦੇਸਾਂ ਵਿੱਚ ਬੈਠਾ 'ਰਾਮਪੁਰੀ' ਭੀ
ਹੈ ਲਿਖਕੇ ਚਿੱਠੀ ਵਿੱਚ ਭੇਜਦਾ॥
"ਅਟਕ ਪਾਰ ਕੇ ਦੇਸ਼ ਦੀ ਗਹਿਣੇ,
ਹੈ ਕਿਹੜੇ ਹੀਰਿਆਂ ਵਿੱਚ ਖੇਡਦਾ॥'

'ਜੱਗੀ' 'ਮਸਤਾਨੇ' ਜਾਂ ਕਿਸੇ 'ਮਾਨ' ਨੇ
ਰੱਜ ਰੱਜ ਕੇ ਤੈਨੂੰ ਗਾਇਆ ਨੀ॥
ਕਿਸੇ ਨੇ ਤੇਰਾ ਹੁਸਨ ਪ੍ਰੀਖਿਆ
ਕਿਸੇ ਦਿਲ ਦਾ ਦਰਦ ਵੰਡਾਇਆ ਨੀ॥
ਤੇਰੀ ਧਰਤੀ ਦੇ ਇਕ 'ਚੰਨਣ' ਨੇ
ਕਲਾ ਤੇ ਚਾਨਣਾ ਪਾਇਆ ਨੀ॥
ਮੈਂ ਇਹ ਆਪਣੀ ਅੱਖੀਂ ਡਿੱਠਾ
ਉਸ ਚੇਲਾ ਤੇ ਰੱਬ ਬਣਾਇਆ ਨੀ॥

ਤੇਰੀ ਖਿੜੀ ਇਸ ਫੁਲਵਾੜੀ ਨੂੰ
ਅੱਜ ਨਜ਼ਰ ਕਿਸੇ ਦੀ ਗਈ ਹੈ ਲੱਗ॥
ਇਸ ਪੰਜ ਦਰਿਆਵਾਂ ਦੀ ਧਰਤੀ ਤੇ
ਕਿਉ ਚਾਰੇ ਪਾਸੇ ਦਿੱਸਦੀ ਹੈ ਅੱਗ॥

ਜੂਨ ਚਰਾਸੀ ਨੂੰ
ਨੀਲੇ ਅੰਬਰਾਂ ਤੋਂ
ਇੱਕ ਤਾਰਾ ਐਸਾ ਸੀ ਟੁੱਟਿਆ॥
ਚਾਰ ਚੁਫੇਰੇ ਉਸ
ਅੱਗਾਂ ਲਾਈਆਂ ਨੇ
ਅਮਨ ਚੈਨ ਹੈ ਸਾਰਾ ਲੁੱਟਿਆ॥
ਸਦੀਆਂ ਤੋਂ ਜੋ ਸੀ
ਸਾਂਝ ਦਾ ਰਿਸ਼ਤਾ
ਅੱਜ ਤੇਰੇ ਪੁੱਤਾ ਚੋਂ ਟੁੱਟਿਆ॥
ਸਤਲੁਜ ਦੇ ਕੰਢਿਆ ਦੇ ਉਤੇ
ਅੱਜ ਲਾਸ਼ਾ ਪਈਆ ਮੱਚਦੀਆਂ॥
ਜ਼ਾਲਮ ਤੇਰੇ ਰਾਜੇ ਨੇ
ਪੁੱਟਣ ਕਬਰਾਂ ਉਹ ਸੱਚ ਦੀਆਂ॥
ਬਿਆਸਾ ਤੇਰੇ ਦੇ ਪਾਣੀ ਦਾ
ਕਿਉ ਅੱਜ ਰੰਗ ਸੂਹਾ ਹੈ ਹੋਇਆ॥
ਰੁੜੀ ਜਾਂਦੀ ਇੱਕ ਲਾਸ਼ ਨੂੰ ਤੱਕ ਕੇ
ਕਿਉ ਇੱਕ ਬੁੱਢੜਾ ਹੈ ਰੋਇਆ॥
ਅੱਗ ਅੱਜ ਭੀ ਉਹੀ ਬੱਲਦੀ ਹੈ
'ਉਚੇ ਚੜ੍ਹੇ' ਜੋ ਫਰੀਦ ਨੇ ਤੱਕੀ ਸੀ॥
ਜੇਲ੍ਹਾਂ ਵਿੱਚ ਅੱਜ ਫੇਰ ਪਈ ਚੱਲੇ
ਗੁਰੂ ਨਾਨਕ ਪੀਸੀ ਜੋ ਚੱਕੀ ਸੀ॥
ਜ਼ੁਲਮ ਬਾਬਰ ਦੇ ਤੱਕ ਕੇ ਉਸ



'ਖ਼ੂਨ ਦੇ ਸੋਹਿਲੇ' ਗਾਏ ਸੀ॥
ਤੇਰਾ ਹਾਲ ਦੇਖ ਕੇ ਇੰਝ ਜਾਪੇ
ਜਿਵੇ ਕੱਲ ਲਾਲੋ ਨੂੰ ਕਿਤੇ ਸੁਟਾਏ ਸੀ॥
ਅੱਜ ਕਿਉ ਸਾਰੇ ਰੋਂਦੇ ਨੇ
ਕੱਲ ਤੱਕ ਤਾਂ ਹਰ ਕੋਈ ਹੱਸਦਾ ਸੀ॥
ਪਤਾ ਨਹੀਂ ਉਹ ਕਿੱਥੇ ਹੈ
ਰੱਬ ਜੋ ਤੇਰੇ ਖੂਹਾਂ ਤੇ ਵੱਸਦਾ ਸੀ॥
ਸਕਤੇ ਨੂੰ ਜੇ ਸਕਤਾ ਮਾਰੇ
ਉਸਦਾ ਦੁੱਖ ਨਹੀਂ ਹੁੰਦਾ॥
ਇਹ ਤਾਂ ਰੀਤ ਚੱਲੀ ਹੈ ਆਈ
ਹਰ ਜੰਗ ਵਿੱਚ ਇਹ ਹੁੰਦਾ॥
ਕੋਈ ਫ਼ਰਕ ਨਹੀਂ ਪੈਂਦਾ
ਜਦ ਮੁਖ਼ਬਰ ਕੋਈ ਮਰਦਾ ਹੈ॥
ਜਾਂ ਮਰ ਜਾਵੇ ਦੁਸ਼ਮਨ ਤੇਰਾ
ਪਹਿਲਾਂ ਵਾਰ ਜੋ ਕਰਦਾ ਹੈ॥

ਪਰ ਮਾਂ ਜਦ ਤੇਰੀ ਧਰਤੀ ਤੇ
ਕੋਈ ਨਿੱਹਥਾ ਮਰਦਾ ਹੈ॥
ਭਾਂਵੇ ਉਹ ਸਿੱਖਾਂ ਦਾ ਬੇਟਾ
ਜਾਂ ਕਿਸੇ ਹਿੰਦੂ ਘਰ ਦਾ ਹੈ॥
ਇਹ ਸਾਰਾ ਕੁਝ ਤੱਕ ਕੇ ਮਾਤਾ
ਤੇਰਾ ਸੀਨਾ ਕਿੰਝ ਜਰਦਾ ਹੈ?

ਮੈਨੂੰ ਪਤਾ ਤੇਰਾ ਸੀਨਾ ਵੱਡਾ
ਤੂੰ ਸਭ ਕੁਝ ਸਹਿ ਲੈਦੀ ਏ॥
ਅੱਖੀ ਵੇਖ ਅਣਡਿੱਠਾ ਕਰਕੇ
ਚੁੱਪਚਾਪ ਜ਼ਹਿਰ ਪੀ ਲੈਦੀ ਏ॥
ਮੈ ਤੱਕਿਆ ਇਹ ਪਹਿਲੀ ਵੇਰਾਂ

ਪਰ ਤੂੰ ਸਦੀਆਂ ਤੋਂ ਸਹਿੰਦੀ ਏ।।
ਵੈਰੀ ਤੈਨੂੰ ਮਾਰ ਕੇ ਛੱਡਦੇ
ਪਰ ਤੂੰ ਝੱਟ ਉਠ ਬਹਿੰਦੀ ਏ।।

ਨਿੱਕਾ ਜਿਹਾ ਸੀ ਮੈ ਬਾਲ ਅੰਞਾਣਾ
ਜਦੋਂ ਤੈਨੂੰ ਅੱਧਰੰਗ ਸੀ ਹੋਇਆ।।
ਸਾਰੇ ਹੀ ਉਹ ਤੇਰੇ ਪੁੱਤ ਸੀ
ਜੋ ਕੋਈ ਸੰਤਾਲੀ ਵਿੱਚ ਮੋਇਆ।।
ਦੋ ਹਿੱਸਿਆਂ ਵਿੱਚ ਵੰਡਿਆ ਤੈਨੂੰ
ਇਕ ਹਿੱਸਾ ਭਾਰਤ ਵੱਲ ਸੀ ਹੋਇਆ।।
ਸਿੱਖਾਂ ਤੇਰੇ ਲਈ ਪਾਠ ਸੀ ਸੁੱਖੇ
ਹਿੰਦੂਆਂ ਗੰਗਾ ਜਲ ਸੀ ਚੋਇਆ।।

ਤੱਕ ਤੈਨੂੰ ਮੰਜੀ ਤੇ ਲੇਟੀ
ਅੰਮ੍ਰਿਤਾ ਧੀ ਤੇਰੀ ਬਹੁਤ ਸੀ ਰੋਈ।।
ਦੇਖ ਕੇ ਤੇਰਾ ਪਾਸਾ ਮਰਿਆ
ਉਹ ਇੱਕ ਤਰ੍ਹਾਂ ਕਮਲੀ ਸੀ ਹੋਈ।।
ਪਰ ਉਠ ਖੜੀ ਤੂੰ ਫੋਹੜੀ ਲੈ ਕੇ
ਝੱਟ ਆਪਣੇ ਪੈਰਾਂ ਤੇ ਹੋਈ।।

ਤੱਕ ਕੇ ਤੇਰਾ ਮੰਦਾ ਹਾਲ
ਦਿਲ ਉਹਦਾ ਅੱਜ ਵੀ ਰੋਂਦਾ ਹੋਣਾ।।
ਹੋਊ ਕੋਈ ਉਹਨੂੰ ਮਜ਼ਬੂਰੀ
ਵਾਰਿਸ਼ ਸ਼ਾਹ ਤਾਂ ਯਾਦ ਆਉਂਦਾ ਹੋਣਾ।।

ਸਵੇਰ ਅੱਜ ਵੀ ਆਉਂਦੀ ਹੈ
ਲੋਕ ਘਬਰਾ ਕੇ ਉਠਦੇ ਨੇ
ਸੁਣ ਆਵਾਜ਼ ਬੰਦੂਕਾਂ ਦੀ।।



ਡੋਲੀ ਫੜ ਲੈ ਜਾਂਦੇ
ਪਿੱਛੇ ਜੋ ਰਹਿ ਜਾਂਦੇ
ਜਾਂ ਉਨ੍ਹਾਂ ਦੀਆਂ ਹੂਕਾਂ ਦੀ।।
ਜੋ ਕੱਲ ਵਿਆਹੀ ਸੀ
ਅੱਜ ਬੇਵਾ ਹੋਈ ਹੈ
ਜਾਂ ਉਹਦੀਆਂ ਕੂਕਾਂ ਦੀ।।

ਮਧਾਣੀ ਕਿਉ ਚੁੱਪ ਬੈਠੀ,
ਬੌਲਦ ਭੀ ਫਿਰਦੇ ਨੇ,
ਪਰ ਕਿੱਥੇ ਗਈ ਇਨ੍ਹਾਂ ਦੀ,
ਪੰਜਾਲੀ ਨੀ ਮਾਏ।।
ਧੁੱਪਾਂ ਨੇ ਚੜ੍ਹ ਆਈਆਂ,
ਖੇਤਾਂ ਨੂੰ ਜਾਂਦੇ ਨਹੀਂ,
ਕਿਉ ਅੱਜ ਤੇਰੇ,
ਹਾਲੀ ਨੀ ਮਾਏ।।

ਬੱਚਾ ਭੁੱਖਾ ਹੈ,
ਕਿਉ ਬੈਠੀ ਇਹ ਰੋਵੇ,
ਭੱਤਾ ਲੈ ਜਾਵੇ ਨਾ,
ਖੇਤਾਂ ਵਾਲੀ ਨੀ ਮਾਏ।।
ਕੁੱਕੜ ਨਾ ਬਾਂਗਾਂ ਦਿੰਦੇ,
ਮੋਰ ਨਾ ਪੈਲਾਂ ਪਾਉਂਦੇ,
ਕਿਉ ਚਿੜੀਆਂ ਅੱਜ ਨਾ,
ਚਹਿਕਦੀਆਂ ਨੀ ਮਾਏ।।
ਕਿਉ ਬਦਬੂ ਲਾਸ਼ਾਂ ਦੀ,
ਤੇਰੀਆਂ ਗਲੀਆਂ ਚੋਂ ਆਏ,
ਜੋ ਕਦੇ ਹੁੰਦੀਆਂ ਸੀ,
ਮਹਿਕਦੀਆਂ ਨੀ ਮਾਏ।।

ਅੰਦਰ ਵੜ ਝਾਤ ਮਾਰੀ,
ਕਿਉ ਤੇਰੀਆਂ ਧੀਆਂ ਅੱਜ,
ਇੱਕਠੀਆਂ ਬਹਿ ਕੇ,
ਸਹਿਕਦੀਆਂ ਨੀ ਮਾਏ॥
ਕਈ ਫੁੱਲ ਟੁੱਟੇ ਨੇ,
ਨਾਲੇ ਪੱਤਰ ਸੁੱਕੇ ਨੇ,
ਨਾ ਕਲੀਆ ਤੇਰੀਆਂ ਅੱਜ,
ਫੜਕਦੀਆਂ ਨੀ ਮਾਏ॥
ਗਵਾਚੇ ਨੇ ਲਾਲ ਜਿੰਨ੍ਹਾਂ ਦੇ,
ਚਿਹਰੇ ਬੇਨੂਰ ਉਨ੍ਹਾਂ ਦੇ,
ਕਿਉ ਅੱਜ ਮਾਵਾਂ,
ਤੜਫਦੀਆਂ ਨੀ ਮਾਏ॥

ਲੱਗ ਆਖੇ ਗੈਰਾਂ ਦੇ,
ਇਕ ਪੁੱਤ ਤੈਨੂੰ ਛਡ ਗਿਆ॥
ਘਰ ਨੂੰ ਉਹ ਅੱਗ ਲਾ ਕੇ,
ਉਹਨੂੰ ਬੱਲਦੀ ਛੱਡ ਗਿਆ॥

ਪਰ ਹੌਸਲਾ ਰੱਖ ਮਾਤਾ,
ਤੇਰਾ ਸ਼ੇਰ ਪੁੱਤ ਹਾਲੇ ਜਿਉਂਦਾ॥
ਜਿੰਨ੍ਹੀ ਦੇਰ ਹੈ ਦਮ ਇਹਦੇ ਵਿੱਚ,
ਰਹੂ ਤੇਰੀ ਅੱਗ ਬੁਝਾਉਦਾ॥
ਪਾਣੀ ਤੇਰੇ ਨੂੰ ਪੀ ਪੀ ਕੇ,
ਰਹੂ ਆਪਣਾ ਲਹੂ ਤੇਰੇ ਤੇ ਬਹਾਉਦਾ॥
ਜਾਂ ਮਰ ਮਿਟ ਜਾਉ ਇਹ,
ਜਾਂ ਕੱਢੂ ਦੁਸ਼ਮਣ ਨੂੰ
ਦੇਖੋ ਕਰਤਾਰ ਨੂੰ ਕੀ ਭਾਉਦਾ॥



ਇਹ ਲੱਗੇ ਭਾਂਵੇ ਸੁਪਨਾ ਮੇਰਾ
ਇਕ ਦਿਨ ਸੱਚ ਹੋ ਕੇ ਰਹਿਣਾ॥
ਮੈ ਖੁਦ ਨਹੀਂ ਆਖ ਰਿਹਾ
ਸਾਡਾ ਗੁਰੂਆਂ ਦਾ ਹੈ ਇਹ ਕਹਿਣਾ॥
ਇਥੇ ਕੇਸਰੀ ਝੂਲੇ ਨੇ
ਇੰਨ੍ਹਾਂ ਸਦਾ ਹੀ ਝੂਲਦੇ ਰਹਿਣਾ॥
ਹੇਰ ਪੁੱਤ 'ਝੰਡਾ' ਸੀ ਤਿਰੰਗੇ ਦਾ,
ਬਿਨ ਡੰਡੇ ਉਸ ਕੀ ਰਹਿਣਾ॥
ਰਾਜ ਕਰੇਗਾ ਖਾਲਸਾ ਇੱਥੇ,
ਕੋਈ ਆਕੀ ਨਹੀਂ ਰਹਿਣਾ॥

ਮੈਨੂੰ ਯਕੀਨ ਹੈ ਮਾਤਾ,
ਉਹ ਸੁਬ੍ਹਾ ਜ਼ਰੂਰ ਆਏਗੀ॥
ਸ਼ਹੀਦਾਂ ਜੋ ਖੂਨ ਦਿੱਤਾ,
ਕੁਰਬਾਨੀ ਐਵੇ ਨਹੀਂ ਜਾਏਗੀ॥
ਸੱਚ ਦਾ ਸੂਰਜ ਚਮਕੇਗਾ,
'ਕਾਲੀ ਬਿਜਲੀ' ਛੂਪਾ ਨਾ ਪਾਏਗੀ॥
ਉਸ ਦਿਨ ਕੋਈ ਤੇਰੀ ਧੀ ਨਾ ਰੋਊ,
ਨਾ ਕੋਈ ਮਾਂ ਹੀ ਕੁਰਲਾਏਗੀ॥
ਅੱਗ ਤੇਰੇ ਪਾਣੀਆਂ ਬੁਝਾ ਲੈਣੀ,
ਫਿਰ ਹਰਿਆਲੀ ਛਾਏਗੀ॥
ਉਹ ਦਿਨ ਦੂਰ ਨਹੀਂ ਮਾਤਾ,
ਜਦ ਗੋਲੀ ਦੀ ਥਾਂ ਤੇ ਫਿਰ,
ਕੁੱਕੜ ਦੀ ਬਾਂਗ ਜਗਾਏਗੀ॥

ਉਸ ਦਿਨ ਮੈ ਆਵਾਗਾਂ॥
ਸਾਲਾਂ ਤੋਂ ਵਿਛੜੇ ਹਾਂ,
ਤੇਰੇ ਦਰਸ਼ਨ ਪਾਵਾਗਾਂ॥

ਯਾਰਾਂ ਨਾਲ ਬਹਿ ਕੇ ਮੈ,
ਤੇਰੀਆਂ ਗੋਦਾਂ ਵਿੱਚ,
ਪਿਆਰ ਦਾ ਨਿੱਘ ਸੇਕਾਗਾਂ।।
ਤਖਤ ਦੇ ਦਰਸ਼ਨ ਪਾ,
ਪ੍ਰਕਰਮਾ ਨੂੰ ਪੂਰੀ ਕਰਕੇ,
ਹਰਿਮੰਦਰ ਜਾ ਮੱਥਾ ਟੇਕਾਗਾਂ।।

ਪਰ ਮੇਰੇ ਜਿਉਦੇ ਜੀਅ,
ਜੇ ਕੁੱਕੜ ਨਾ ਬੋਲਿਆ ਮਾਂ,
ਮੈ ਕਦੇ ਨਾ ਆਵਾਗਾਂ।।
ਪਰ ਯਾਦ ਤੇਰੀ ਨੂੰ,
ਮੈ ਆਪਣੇ ਸੀਨੇ ਲਾ,
ਸਾਰੀ ਉਮਰ ਹੰਢਾਵਾਗਾਂ।।
ਇਹ ਮੇਰੀ ਮਿੱਟੀ ਵੀ,
ਅਮਾਨਤ ਜੋ ਤੇਰੀ ਹੈ,
ਤੇਰੇ ਦਰਿਆਵਾਂ ਵਿੱਚ,
ਕਦੇ ਨਾ ਪਾਵਾਗਾਂ।।

ਤੂੰ ਹੀ ਦੱਸ ਮਾਂ ਮੇਰੀ,
ਘਰ ਆਪਣੇ ਆਉਣ ਦੇ ਲਈ,
ਕਿੰਝ ਗੈਰਾਂ ਦੇ ਕੋਲੋਂ ਮੈਂ,
ਇਜ਼ਾਜ਼ਤ ਲੈਣ ਜਾਵਾਂਗਾ।।
ਇਹ 'ਭੱਜੀ' ਨੂੰ ਜੱਚਦਾ ਨਹੀਂ,
ਹਰਿਮੰਦਰ ਆਪਣੇ ਮੱਥਾ ਟੇਕਣ ਲਈ,
ਕਿਸੇ ਫ਼ੌਜੀ ਅੱਗੇ ਜਾ,
ਕਿੰਝ ਤਰਲੇ ਮੈ ਪਾਵਾਗਾਂ।।





## ਮੈਂ ਹਾਂ ਧਰਤ ਪੰਜਾਬ ਦੀ

ਮੈਂ ਹਾਂ ਧਰਤ ਪੰਜਾਬ ਦੀ,
ਕਿੰਝ ਆਪਣਾ ਹਾਲ ਸੁਣਾਵਾਂ।।
ਜੀਭ ਮੇਰੀ ਨੂੰ ਤਾਲਾ ਵੱਜਾ,
ਹੱਥਕੜੀਆਂ ਵਿੱਚ ਬਾਂਹਵਾਂ।।
ਪੈਰੀ ਮੇਰੇ ਬੇੜੀਆਂ ਪਈਆਂ,
ਕਿੰਝ ਅੱਗੇ ਕਦਮ ਵਧਾਵਾਂ।।

ਨੋਚ ਨੋਚ ਮਾਸ ਮੇਰਾ ਗਿਲਝਾਂ ਖਾਂਧਾ,
ਰਹਿੰਦਾ ਖੂੰਹਦਾ ਕਾਵਾਂ।।
ਰੂਹ ਮੇਰੀ ਗਈ ਮਾਰ ਉਡਾਰੀ,
ਇਹ ਪਿੰਜਰ ਕਿੱਥੇ ਲੈ ਜਾਵਾਂ।।
ਮੈ ਹਾਂ ਧਰਤ ਪੰਜਾਬ ਦੀ............

ਦਸ਼ਮੇਸ਼ ਵਰਗੇ ਨੇ ਪਿਤਾ ਇਥੋਂ ਦੇ,
ਗੁਜਰੀ ਜਿਹੀਆਂ ਮਾਵਾਂ।।
ਚਾਰੇ ਪੁੱਤਰ ਉਸ ਮੈਥੋਂ ਵਾਰੇ,
ਕਹਿੰਦੇ ਇੱਕ ਵੀ ਨਾ ਲੁਕਾਵਾਂ।।
ਖੂਨ ਨਾਲ ਲਿਖੀ ਮੇਰੀ ਕਹਾਣੀ,
ਆ ਪੱਤਰੇ ਫੋਲ ਦਿਖਾਵਾਂ।।
ਬਾਬਰ ਬਾਣੀ ਵਰਤ ਗਈ ਬਾਬਾ,
ਤੈਨੂੰ ਕੀ ਕੀ ਦੁੱਖ ਸੁਣਾਵਾਂ।।
ਰਾਜੇ ਸ਼ੀਹ ਮੁੱਕਦਮ ਕੁੱਤੇ,
ਕਿਸ ਨੂੰ ਫਰਿਆਦ ਸੁਣਾਵਾਂ।।
ਮੈ ਹਾਂ ਧਰਤ ਪੰਜਾਬ ਦੀ..........

ਜ਼ੁਲਮ ਜ਼ਬਰ ਦੀ ਆਈ ਹਨੇਰੀ,
ਚੱੜ੍ਹਕੇ ਵਾਂਗ ਘਟਾਵਾਂ।।
ਹਰ ਕੋਈ ਰਸਤਾ ਬੰਦ ਹੋਇਆ,
ਮੈ ਕਿਧਰ ਨੂੰ ਜਾਵਾਂ।।
ਚਾਰ ਚੁਫੇਰੇ ਘੁੱਪ ਹਨ੍ਹੇਰਾ,
ਦਿਸਣ ਨਾ ਕੋਈ ਰਾਹਵਾਂ।।
ਹਰ ਪਾਸੇ ਹੈ ਦੁਸ਼ਮਣ ਫਿਰਦਾ,
ਕੋਈ ਦੋਸਤ ਟਾਵਾਂ ਟਾਵਾਂ।।
ਚਾਰੇ ਪਾਸੇ ਅਗਾਂ ਲੱਗੀਆਂ,
ਕਿੰਝ ਹੰਝੂਆਂ ਨਾਲ ਬੁਝਾਵਾਂ।।
ਮੈ ਹਾਂ ਧਰਤ ਪੰਜਾਬ ਦੀ.........

ਲੰਮਿਆਂ ਚੋੜਿਆਂ ਪਾੜਾ ਪਾਇਆ,



ਇਹਨਾਂ ਦੋਹਾਂ ਵਿੱਚ ਭਰਾਵਾਂ।।
ਇਕ ਗੈਰਾਂ ਨਾਲ ਜਾ ਕੇ ਮਿਲ ਗਿਆ,
ਦੂਜਾ ਪਿੱਛੇ ਸੀਖਾਵਾਂ।।
ਲੱਖਾਂ ਮੇਰੇ ਲਾਲ ਗੁਆਚੇ,
ਲਭਦੀਆਂ ਫਿਰਦੀਆਂ ਮਾਵਾਂ।।
ਕੱਲ ਸੀ ਆਈ ਜੋ ਨਵੀ ਵਿਆਹੀ,
ਵੇਖੇ ਕੰਤ ਦੀਆਂ ਰਾਹਵਾਂ।।
ਕਈ ਭੈਣਾਂ ਲੈ ਰੱਖੜੀ ਬੈਠੀਆਂ,
ਉਡੀਕਣ ਆਪਣੇ ਭਰਾਵਾਂ।।
ਉਨ੍ਹਾਂ ਕਦੇ ਮੁੜਕੇ ਨਹੀਂ ਆਉਣਾ,
ਮੈ ਕਿੰਝ ਇਹ ਸਮਝਾਵਾਂ।।
ਮੈ ਹਾਂ ਧਰਤ ਪੰਜਾਬ ਦੀ...........

ਚੁਣ ਚੁਣ ਪੁੱਤ ਮੇਰੇ ਜ਼ਾਲਮਾਂ ਮਾਰੇ,
ਲਾਸ਼ਾਂ ਖਾਧੀਆਂ ਕੁੱਤਿਆਂ ਕਾਵਾਂ।।
ਔਹ ਦੇਖੋ ਮੋਢੇ ਅਰਥੀ ਚੁੱਕੀ,
ਰਲ ਧੀਆਂ ਤੇ ਮਾਵਾਂ।।
ਰੋਂਦੇ ਪਏ ਨੇ ਬਾਲ ਅੰਞਾਣੇ,
ਮੈ ਦੇਖ ਦੇਖ ਘਬਰਾਵਾਂ।।
ਰੱਬ ਕਰੇ ਮੇਰਾ ਸੀਨਾ ਫੱਟ ਜਾਏ,
ਮੈ ਛਾਤੀ ਵਿੱਚ ਲੁਕਾਵਾਂ।।
ਪੁੱਤ ਮੇਰੇ ਰੋਜ਼ ਸੂਲੀ ਚੜ੍ਹਦੇ,
ਮੈ ਕੀਕਣ ਘੋੜੀਆਂ ਗਾਵਾਂ।।
ਮੈ ਹਾਂ ਧਰਤ ਪੰਜਾਬ ਦੀ...........

ਘਰ ਮੇਰਾ ਬਣਿਆ ਹਨੇਰ ਕੋਠੜੀ,
ਕੋਈ ਦਿੱਸੇ ਨਾ ਥਾਂ ਸੁਖਾਵਾਂ।।
ਪਾਣੀ ਨੂੰ ਅੱਜ ਮੈ ਪਈ ਤਰਸਾ,
ਕਦੀ ਮਾਲਕ ਸੀ ਪੰਜ ਦਰਿਆਵਾਂ।।
ਚਾਰੇ ਪਾਸੇ ਉਜਾੜ ਵਰਤ ਗਈ,
ਜਿੱਥੇ ਕਦੇ ਸੀ ਠੰਡੀਆਂ ਛਾਵਾਂ।।

ਕੋਇਲਾਂ ਗਈਆਂ ਮਾਰ ਉਡਾਰੀ,
ਕਾਂ ਕਾਂ ਲਾਈ ਕਾਵਾਂ॥
ਕੋਈ ਨਾ ਮੈਨੂੰ ਆਗੂ ਦਿਸਦਾ,
ਕਿੱਥੋਂ ਜਰਨੈਲ ਲਿਆਵਾਂ॥
ਮੈ ਹਾਂ ਧਰਤ ਪੰਜਾਬ ਦੀ..........

ਮੈ ਮਾਲਕ ਆਪਣੀ ਮਰਜ਼ੀ ਦੀ,
ਕਿਉ ਕਿਸੇ ਪਿੱਛੇ ਲੱਗ ਜਾਵਾਂ॥
ਮੈ ਰਾਂਝਣ ਦੀ ਹੀਰ ਸਲੇਟੀ,
ਕਿਉ ਖੇੜਿਆ ਦੇ ਜਾਵਾਂ॥
ਮਹੀਂਵਾਲ ਨੂੰ ਮਿਲਣ ਦੀ ਖਾਤਿਰ,
ਵਿੱਚ ਝਨਾਂ ਡੁੱਬ ਜਾਵਾਂ॥
ਜੇ ਕੋਈ ਮੇਰਾ ਪੁੰਨੂੰ ਖੋਹ ਲੇ,
ਵਿੱਚ ਥਲਾਂ ਸੜ ਜਾਵਾਂ॥
ਮੈਂ ਹਾਂ ਧਰਤ ਪੰਜਾਬ ਦੀ.........

ਰਣਜੀਤ ਕਦੀ ਮਹਿਬੂਬ ਸੀ ਮੇਰਾ,
ਅੱਜ ਬੇਵਾ ਮੈ ਅਖਵਾਵਾਂ॥
ਚੁੰਨੀ ਲਾਹ ਕੇ ਲੈ ਗਏ ਵੈਰੀ, ਕਿੰਝ
ਆਪਣਾ ਮੂੰਹ ਲੁਕਾਵਾਂ॥
ਬੇ-ਪੱਤ ਹੋਕੇ ਜੀਣਾ ਕਾਹਦਾ,
ਜੀ ਕਰਦਾ ਮਰ ਜਾਵਾਂ॥
ਮੈ ਹਾਂ ਧਰਤ ਪੰਜਾਬ ਦੀ.........

ਜਾਗੋ ਜਾਗੋ ਮੇਰੇ ਸੰਤ ਸਿਪਾਹੀਓ,
ਅੱਜ ਮੈ ਪਈ ਕੁਰਲਾਵਾਂ॥
ਮੁਖਬਰ ਸੂਹਾਂ ਲੈਂਦੇ ਫਿਰਦੇ,
ਹਰ ਸ਼ਹਿਰ ਤੇ ਗਰਾਵਾਂ॥
ਕਈ ਵਾਰ ਪੱਤ ਮੇਰੀ ਰੱਖੀ,
ਅੱਜ ਫੇਰ ਤੁਾਹਨੂੰ ਬੁਲਾਵਾਂ॥
ਕੋਈ ਵੇ ਆ ਕੇ ਦੱਸੋ ਮੈਨੂੰ,



ਕਿੰਝ ਜੰਜ਼ੀਰਾਂ ਲਾਹਵਾਂ॥
'ਭੱਜੀ' ਹਾਲੇ ਵੱਕਤ, ਬਚਾ ਲੋ ਮੈਨੂੰ,
ਮੈ ਘੁੱਟ ਘੁੱਟ ਮਰਦੀ ਜਾਵਾਂ॥
ਮੈ ਹਾਂ ਧਰਤ ਪੰਜਾਬ ਦੀ,
ਕਿੰਝ ਆਪਣਾ ਹਾਲ ਸੁਣਾਵਾਂ॥



# ਅਕਾਲ ਤਖਤ

ਇੰਜ ਲਗਦਾ ਸੀ,
ਕਿਸੇ ਸ਼ਹਿਨਸ਼ਾਹ ਦੀ,
ਜਿਵੇ ਰੁਠ ਗਈ ਅੱਜ ਤਕਦੀਰ ਹੋਵੇ।।
ਜਾਂ ਕਿਸੇ ਚਿੱਤਰਕਾਰ ਨੇ,
ਸੋਹਣੇ ਰੰਗ ਭਰ ਕੇ,
ਮੁੜ ਫਾੜ ਛੱਡੀ ਤਸਵੀਰ ਹੋਵੇ।।




ਜਾਂ ਕਿਸੇ ਬੁਤਤ੍ਰਾਸ਼ ਨੇ,
ਬੜੇ ਪਿਆਰ ਦੇ ਨਾਲ,
ਸੰਗਮਰਮਰ ਤੇ ਕੋਈ ਮੂਰਤੀ ਘੜੀ ਹੋਵੇ।।
ਸਿਰ ਉਤੇ,
ਸੋਨੇ ਦਾ ਤਾਜ ਹੋਵੇ,
ਨਾਲ ਹੀਰੇ ਮੋਤੀਆਂ ਜੁੜੀ ਹੋਵੇ।।
ਅਰਸ਼ਾਂ ਦੇ ਵਿਚ,
ਕੋਈ ਬਾਗ ਹੋਵੇ,
ਤੇ ਉਸ ਬਾਗ ਵਿੱਚ,
ਉਹ ਖੜੀ ਹੋਵੇ।।
ਕੋਈ ਤਾਜ ਲਾਹ ਲਏ,
ਹੀਰੇ ਮੋਤੀ ਕੱਢ ਲਏ,
ਤੇ ਫੇਰ ਅੱਗ ਦੇ ਵਿੱਚ,
ਉਹ ਸੜੀ ਹੋਵੇ।।

'ਉਹ' ਅਕਾਲ ਦਾ ਤਖਤ,
ਜਿਹਨੂੰ ਬਣਾਇਆ ਕਿਸੇ ਮੀਰ ਤੇ ਪੀਰ ਹੋਵੇ।।
ਇੰਜ ਲਗਦਾ ਸੀ,
ਜਿਵੇਂ ਕਿਸੇ ਚੌਕ ਦੇ ਵਿੱਚ,
ਅੱਜ ਫਟਕੇ ਖੜ੍ਹਾ ਫਕੀਰ ਹੋਵੇ।।
ਜੇਹਦਾ ਖਾਟਾ ਵੀ,
ਕੋਈ ਖੋਹ ਲੈ ਜਾਵੇ,
ਤੇ ਚੋਲਾ ਵੀ ਲੀਰਿ ਲੀਰ ਹੋਵੇ।।
ਫੇਰ ਵੀ ਸ਼ਾਂਤ,
ਉਹ ਖੜ੍ਹਾ ਰਹੇ,
ਅੱਖਾਂ ਵਿੱਚ ਬੇਬੱਸੀ ਦਾ ਨਾਂ,
ਨੀਰ ਹੋਵੇ।।
ਇੰਜ ਲਗਦਾ ਸੀ,
ਹਰ ਸਿੱਖ ਦੇ ਸੀਨੇ ਵਿੱਚ ਦੀ,
ਜਿਵੇਂ ਲੰਘ ਗਿਆ,
ਅੱਜ ਕੋਈ ਤੀਰ ਹੋਵੇ।।

'ਭੱਜੀ' ਕੋਈ ਫਰਕ ਨਹੀਂ ਪੈਂਦਾ
ਬੁੱਚੜਾਂ ਨੂੰ,
ਚਾਹੇ ਅਰਜਨ ਤੜਫੇ,
ਜਾਂ ਮੀਆਂ ਮੀਰ ਰੋਵੇ।।





## ਯਾਦ

ਜੂਨ ਮਹੀਨਾ ਅੱਜ ਫਿਰ ਚੜ੍ਹਿਆ,
ਯਾਦ ਇਕ ਫਿਰ ਆਈ ਨੀ ਮਾਏ।।
ਸਾਕੇ ਤੋਂ ਜੋ ਕਹਿਰ ਗੁਜਰਿਆ,
ਉਹ ਅੱਖਾਂ ਸਾਹਵੇ ਲਿਆਈ ਨੀ ਮਾਏ।।
ਯਾਦ ਉਹ ਜਦ ਕਿਤੇ ਵੀ ਆਵੇ,
ਉਠੇ ਮੇਰੇ ਕਾਲਜੇ ਪੀਰ ਨੀ ਮਾਏ।।
ਦਿਲ ਮੇਰੇ ਦੀ ਕੰਡੀ ਧੜਕੇ,

ਅਖੀਉ, ਮੇਰੇ ਨੀਰ ਨੀ ਮਾਏ।।
ਹਰਿਮੰਦਰ ਵਿੱਚ ਲੱਗੀ ਹਰ ਗੋਲੀ,
ਗਈ ਹਰ ਸਿੱਖ ਦਾ ਸੀਨਾ ਚੀਰ ਨੀ ਮਾਏ।।

ਉਸ ਦਿਹਾੜੇ ਭਾਰਤ ਦੀ ਰਾਣੀ,
ਪੂਰੀ ਆਕੜ ਵਿੱਚ ਸੀ ਆਈ ਨੀ ਮਾਏ।।
ਫੜ੍ਹਣ ਲਈ ਇਕ ਸੰਤ ਬੰਦੇ ਨੂੰ,
ਪੂਰੀ ਹਿੰਦ ਦੀ ਫੌਜ ਚੜ੍ਹਾਈ ਨੀ ਮਾਏ।।
ਬਣਕੇ ਆਈ ਉਹ ਕਾਲੀ ਦੇਵੀ,
ਸਿੱਖਾਂ ਦੇ ਖੂਨ ਦੀ ਤ੍ਰਿਹਾਈ ਨੀ ਮਾਏ।।
ਸੰਤਾਂ ਨੇ ਜੋ ਲੀਕ ਸੀ ਵਾਹੀ,
ਲੀਕ ਭੀ ਉਹ ਟੱਪ ਆਈ ਨੀ ਮਾਏ।।
ਉਸ ਦਿਹਾੜੇ ਅੰਮ੍ਰਿਤਸਰ ਵਿੱਚ,
ਸੰਗਤ ਦੂਰੋਂ ਦੂਰੋਂ ਸੀ ਆਈ ਨੀ ਮਾਏ।।
ਕਿਤੇ ਗੁਰਾਂ ਦੇ ਲੰਗਰ ਚਲਦੇ,
ਕਿਤੇ ਸੰਗਤਾਂ ਛਬੀਲ ਲਗਾਈ ਨੀ ਮਾਏ।।

ਗੁਰੂ ਅਰਜਨ ਦਾ ਸ਼ਹੀਦੀ ਪੁਰਬ,
ਸੰਗਤ ਆਈ ਸੀ ਮਨਾਉਣ ਨੀ ਮਾਏ।।
ਕੁੱਛ ਆਏ ਸੀ ਸੁੱਖਾਂ ਚਾੜ੍ਹਣ,
ਜਾਂ ਕੋਈ ਉਥੇ ਨਾਉਣ ਨੀ ਮਾਏ।।
ਜਾਂ ਕੋਈ ਦਾਦੀ ਆਪਣੇ ਪੋਤਰੇ ਦਾ,
ਆਈ ਸੀ ਮੱਥਾ ਟਕਾਉਣ ਨੀ ਮਾਏ।।

ਨੀਲਾ ਤਾਰਾ ਜੋ ਦਿੱਲੀਓਂ ਚੜ੍ਹਿਆ,
ਆਣ ਹਰਿਮੰਦਰ ਤੇ ਟੁੱਟਿਆ ਨੀ ਮਾਏ।।
ਵੱਡਾ ਸਾਰਾ ਤੋਪ ਦਾ ਗੋਲਾ,
ਅਕਾਲ ਤਖਤ ਤੇ ਸੁਟਿਆ ਨੀ ਮਾਏ।।
ਉਸ ਦਿਨ ਤੋਂ ਲੈ ਕੇ ਅੱਜ ਤਾਂਈ,
ਸੁੱਖ ਚੈਨ ਸਾਡਾ ਲੁਟਿਆ ਨੀ ਮਾਏ।।
ਜੋ ਕੋਈ ਸੀ ਸਾਂਝ ਦਾ ਰਿਸ਼ਤਾ,



ਉਹ ਉਸ ਦਿਨ ਸਾਡਾ ਟੁਟਿਆ ਨੀ ਮਾਏ।।

ਸੰਤ, ਅਮਰੀਕ ਤੇ ਸੁਬੇਗ ਦੇ ਸਾਥੀ,
ਭਾਂਵੇ ਗਿਣਤੀ ਵਿੱਚ ਸਨ ਥੋੜ੍ਹੇ ਨੀ ਮਾਏ।।
ਵਾਰ ਕੇ ਉਹਨਾਂ ਆਪਣੀਆਂ ਜਾਨਾਂ,
ਫੌਜ ਦੇ ਮੂੰਹ ਮੋੜੇ ਨੀ ਮਾਏ।।
'ਦਿਆਲ', 'ਬਰਾੜ' ਤੇ 'ਸੁੰਦਰਜੀ' ਦੇ,
ਸਾਰੇ ਹੰਕਾਰ ਉਹਨਾਂ ਤੋੜੇ ਨੀ ਮਾਏ।।

ਲੜਦੇ ਰਹੇ ਉਹ ਆਖਰੀ ਦਮ ਤੱਕ,
ਆਖੀਰ ਸ਼ਹੀਦੀ ਪਾਈ ਨੀ ਮਾਏ।.
ਆਪ ਉਹ ਸੌਂ ਗਏ ਗੂਹੜੀ ਨੀਂਦਰ,
ਪਰ ਸੁੱਤੀ ਕੌਮ ਜਗਾਈ ਨੀ ਮਾਏ।.
ਘਰ ਘਰ ਵਿੱਚ ਸੀ ਮਾਤਮ ਛਾਇਆ,
ਕੁਝ ਲੋਕਾਂ ਖੁਸ਼ੀ ਮਨਾਈ ਨੀ ਮਾਏ।.
ਮੈਂ ਉਹ ਲੱਡੂ ਵੰਡਦੇ ਤਕੇ,
ਜੋ ਕਹਿੰਦੇ ਸੀ ਸਾਨੂੰ ਭਾਈ ਨੀ ਮਾਏ।.
ਇੱਕ ਪੁੱਤ ਮਰ ਜੇ, ਇਕ ਖੁਸ਼ੀ ਮਨਾਵੇ,
ਦਸ ਕੀ ਕਰੂ ਉਹ ਮਾਈ ਨੀ ਮਾਏ।।

ਹਰਿਮੰਦਰ ਸਾਹਿਬ ਉਹਨਾਂ ਛਲਣੀ ਕੀਤਾ,
ਅਕਾਲ ਤਖਤ ਭੀ ਢਾਹਿਆ ਨੀ ਮਾਏ।।
ਲਾਇਬਰੇਰੀ ਉਹਨਾਂ ਸਾਰੀ ਸਾੜ੍ਹੀ,
ਕੀਤਾ ਅਜਾਇਬ ਘਰ ਦਾ ਸਫਾਇਆ ਨੀ ਮਾਏ।।
ਉਸ ਦਿਨ ਫਿਰ ਇਕ ਤਾਨੇਸ਼ਾਹੀ,
ਅਰਜਨ ਤਵੀ ਬਿਠਾਇਆ ਨੀ ਮਾਏ।।
ਰੂਹ ਉਹਦੀ ਤੱਕ ਤੜਫੀ ਹੋਸੀ,
ਮੀਆਂ ਮੀਰ ਭੀ ਨੀਰ ਬਹਾਇਆ ਨੀ ਮਾਏ।।

ਕਈਆਂ ਉਸ ਦਿਨ ਸੁਹਾਗ ਸੀ ਖੋਏ,
ਕਈਆਂ ਪੱਤ ਗਵਾਈ ਨੀ ਮਾਏ।।

ਮਾਵਾਂ ਕੋਲੋਂ ਪੁੱਤ ਗਵਾਚੇ,
ਭੈਣਾਂ ਕੋਲੋਂ ਭਾਈ ਨੀ ਮਾਏ॥

ਕਲਗੀਧਰ ਦੇ ਪੁੱਤਰ ਉਹਨਾਂ,
ਹੱਥ ਬੰਨ੍ਹ ਬੰਨ੍ਹ ਮਾਰੇ ਨੀ ਮਾਏ॥
ਕਿਸੇ ਬੁੱਢੇ ਦੀ ਡਗੋਰੀ ਸੀ ਟੁੱਟੇ,
ਡੁੱਬੇ ਕਿਸੇ ਮਾਂ ਦੇ ਤਾਰੇ ਨੀ ਮਾਏ॥
ਟੈਂਕਾਂ ਹੇਠ ਇਹਨਾਂ ਲਿਤਾੜੇ,
ਕਈ ਨੰਨੇ ਬਾਲ ਪਿਆਰੇ ਨੀ ਮਾਏ॥
ਲੌਂਗੋਵਾਲ ਤੇ ਟੌਹੜਾ ਭੱਜੇ,
ਭੱਜ ਗਏ ਲੀਡਰ ਸਾਰੇ ਨੀ ਮਾਏ॥

ਬਜ਼ੁਰਗਾਂ ਦੀਆਂ ਚਿੱਟੀਆਂ ਪੱਗਾਂ ਨੂੰ,
ਇਹਨਾਂ ਪੈਰਾਂ ਹੇਠ ਰੁਲਾਇਆ ਨੀ ਮਾਏ॥
ਕਿਸੇ ਨੂੰ ਥਾਂ ਤੇ ਗੋਲੀ ਮਾਰੀ,
ਫੜ ਕਿਸੇ ਨੂੰ ਜੇਲ੍ਹ ਵਿੱਚ ਪਾਇਆ ਨੀ ਮਾਏ॥
ਸਿੱਖਾਂ ਦੀਆਂ ਧੀਆਂ ਨੂੰ ਉਸ ਦਿਨ,
ਫੌਜੀਆਂ ਨੰਗੀਆਂ ਕਰ ਨਚਾਇਆਂ ਨੀ ਮਾਏ॥
ਜੋ ਕਦੇ ਮੱਸੇ ਰੰਗੜ ਕੀਤਾ,
ਉਹ ਫਿਰ ਇਹਨਾਂ ਦੁਹਰਾਇਆ ਨੀ ਮਾਏ॥


ਤਲਾਬ ਸਾਰਾ ਲਾਸ਼ਾਂ ਨਾਲ ਭਰਿਆ,
ਪ੍ਰਕਰਮਾ ਬਣੀ ਮਾਸ ਦੀ ਘਾਣੀ ਨੀ ਮਾਏ॥
ਤਲਾਬ ਜਿਥੇ ਅੰਮ੍ਰਿਤ ਦਾ ਭਰਿਆ,
ਲੋਕੀ ਮਰ ਗਏ ਬਿਨ ਪਾਣੀ ਨੀ ਮਾਏ॥
ਕਲਮ ਮੇਰੀ ਅੱਜ ਲਵੇ ਹਟਕੋਰੇ,
ਜਦ ਲਿਖਣ ਲੱਗੀ ਇਹ ਕਹਾਣੀ ਨੀ ਮਾਏ॥
ਕਈ ਹਜ਼ਾਰ ਸਿੱਖਾਂ ਨੂੰ ਖਾ ਕੇ,
ਰੱਜੀ ਨਾ ਉਹ ਰਾਣੀ ਨੀ ਮਾਏ॥
ਉਸਦੇ ਮਗਰੋਂ ਵੜ ਪਿੰਡਾਂ ਵਿੱਚ,
ਮਾਰ ਛੱਡੇ ਮੇਰੇ ਹਾਣੀ ਨੀ ਮਾਏ॥



ਹਾਲੇ ਤੱਕ ਨਾ ਉਥੋਂ ਨਿਕਲੀ,
ਉਸ ਵਾੜੀ ਜੋ ਫੌਜਾਂ ਦੀ ਢਾਣੀ ਨੀ ਮਾਏ॥

ਦਿੱਲੀ ਆ ਕੇ ਬੱੜਕ ਉਸ ਮਾਰੀ,
ਉਹ ਅੰਮ੍ਰਿਤਸਰ ਜਿੱਤ ਆਈ ਨੀ ਮਾਏ॥
ਅੰਤ ਉਹਦਾ ਸੀ ਨੇੜੇ ਆਇਆ,
ਉਨ ਸੁੱਤੀ ਕਲਾ ਜਗਾਈ ਨੀ ਮਾਏ॥
ਸਤਵੰਤ, ਬੇਅੰਤ ਦੋ ਅਣਖੀਲੇ ਸ਼ੇਰਾਂ,
ਉਹ ਘਰ ਵਿਚ ਹੀ ਜਾ ਢਾਈ ਨੀ ਮਾਏ॥
ਜਿਵੇ ਉਸ ਹਰਿਮੰਦਰ ਛਲਣੀ ਕੀਤਾ,
ਉਹ ਗੋਲੀਆਂ ਨਾਲ ਛਾਨਣੀ ਬਣਾਈ ਨੀ
ਮਾਏ॥
ਸਿੱਖਾਂ ਦੀ ਲੱਥੀ ਪੱਗ ਉਹਨਾਂ ਨੇ,
ਮੁੜ ਸਿੱਖਾਂ ਦੇ ਸਿਰ ਤੇ ਟਿਕਾਈ ਨੀ ਮਾਏ॥
ਵਾਰ ਗਏ ਉਹ ਆਪਣੀਆਂ ਜਾਨਾਂ,
ਪਰ ਸਿੱਖੀ ਉਹਨਾਂ ਰੱਖ ਦਿਖਾਈ ਨੀ ਮਾਏ॥
ਜੰਗ ਭਾਂਵੇ ਹੈ ਹਾਲੀ ਜਾਰੀ,
ਪਰ ਠੰਡ ਉਹਨਾਂ ਸੀਨੇ ਪਾਈ ਨੀ ਮਾਏ॥

ਜੂਨ ਮਹੀਨਾ ਅੱਜ ਫਿਰ ਚੜ੍ਹਿਆ,
ਯਾਦ 'ਭੱਜੀ' ਨੂੰ ਆਈ ਨੀ ਮਾਏ॥
ਸਾਡੇ ਤੇ ਜੋ ਕਹਿਰ ਗੁਜਰਿਆ,
ਉਹ ਅੱਖਾਂ ਸਾਹਮਣੇ ਲਿਆਈ ਨੀ ਮਾਏ॥



## ਕਹਿੰਦੇ ਨੇ

ਚੜ੍ਹਕੇ ਅੱਜ ਮੈਂ,
ਖਿਆਲਾਂ ਦੇ ਘੋੜੇ,
ਹਰਿਮੰਦਰ ਵਿਚ ਜਾ ਮਾਰੀ ਝਾਤ।
ਕਲਮ ਮੇਰੀ,
ਅੱਜ ਫਿਰ ਤੜਫੀ ਹੈ,
ਪਰ ਲਿਖ ਨ ਸਕੀ ਇਹ,
ਮੇਰੇ ਦਿਲ ਦੀ ਸਾਰੀ ਬਾਤ।



ਅੱਜ ਫਿਰ ਇਸ ਬਰਸੀ ਉਤੇ,
ਕਬੂਲ ਇਹ ਕਰਨੀ,
ਮੇਰੀ ਨਿੱਕੀ ਜਿਹੀ ਸੁਗਾਤ।

ਕਹਿੰਦੇ ਨੇ,
ਅੱਜ ਉਸ ਹਰਿਮੰਦਰ,
ਜੋ ਹੈ ਜਿੰਦ ਜਾਨ ਸਿੱਖਾਂ ਦੀ,
ਸਿੱਖਾਂ ਨੂੰ ਹੋ ਗਿਆ ਮੁਸ਼ਕਲ ਜਾਣਾ।
ਹਰਿਮੰਦਰ ਵੜ੍ਹਦਿਆਂ,
ਸਾਹ ਹੀ ਲਗਦਾ,
ਵਰਤ ਗਿਆ ਉਥੇ ਕੋਈ ਭਾਣਾ।
ਸਮੇਂ ਨੇ ਅੱਜ ਫਿਰ,
ਕਰਵੱਟ ਬਦਲੀ,
ਪੁੱਠਾ ਪੈ ਗਿਆ ਸਾਡਾ ਪਾਸਾ।
ਗੈਰਾਂ ਨੇ ਤਾਂ,
ਖੁਸ਼ ਸੀ ਹੋਣਾ,
ਬਣ ਗਿਆ ਅੱਜ,
ਆਪਣਿਆਂ ਦਾ ਹਾਸਾ।
ਹਾਲੇ ਭੀ,
ਕਈ ਮੇਰੇ ਭਾਈ,
ਦੇਖ ਰਹੇ ਨੇ ਖੜ੍ਹੇ ਤਮਾਸ਼ਾ।

ਇੰਜ ਲਗਦਾ,
ਫਿਰ ਕਿਸੇ ਅਬਦਾਲੀ,
ਫੋਲ ਦਿੱਤਾ ਇਤਿਹਾਸ ਪੁਰਾਣਾ।
ਇੰਜ ਲਗਦਾ,
ਕੋਈ ਮੱਸਾ ਬੈਠਾ,
ਹਰਿਮੰਦਰ ਵਿੱਚ ਲਾ ਕੇ ਥਾਣਾ।
ਇੰਜ ਲਗਦਾ ਫਿਰ,
ਫਿਰ ਕਿਸੇ ਕੰਜਰੀ ਨੇ,
ਸ਼ੁਰੂ ਕੀਤਾ ਬੰਨ ਘੁੰਗਰੂ ਗਾਣਾ।

ਛੁਰੇ ਵਾਂਗ,
ਉਹ ਦਿਲ ਨੂੰ ਚੁਭਦਾ,
ਜਦ ਰੋਕਦਾ,
ਯੂ. ਪੀ. ਦਾ ਕੋਈ ਭਈਆ ਕਾਣਾ।
ਕਦ ਸੋਚਿਆ ਸੀ,
ਇਹ ਕਿਸੇ ਨੇ,
ਸਾਡੇ ਉਤੇ ਇਹ ਦਿਨ ਹੈ ਆਣਾ।

ਕਹਿੰਦੇ ਨੇ,
ਹਰਿਮੰਦਰ ਦੁਆਲੇ ਦਰਖਤਾਂ ਉਤੇ,
ਕੁਝ ਕਬੂਤਰਾਂ ਆਲ੍ਹਣੇ ਪਾਏ ਸੀ।
ਸਦੀਆਂ ਤੋਂ ਸੀ,
ਉਹ ਰਹਿੰਦੇ ਆਏ,
ਨਾ ਉਹ ਕਿਸੇ ਸਤਾਏ ਸੀ।
ਕਹਿੰਦੇ ਨੇ,
ਹੁਣ ਜਦ ਕਦੇ ਭੀ,
ਹਰਿਮੰਦਰ ਅੰਦਰ,
ਫੌਜ ਭਾਰਤ ਦੀ ਪੈਰ ਹੈ ਪਾਉਂਦੀ।
'ਉਡਾਰੀ ਮਾਰ ਕੇ,
ਉਡ ਜਾਓ ਬੇਲੀਓ'
ਉਜੜੇ ਆਲਾਣਿਆਂ ਚੋਂ,
ਮੋਏ ਕਬੂਤਰਾਂ ਦੀ ਆਵਾਜ਼ ਹੈ ਆਉਂਦੀ।

ਕਹਿੰਦੇ ਨੇ,
ਰਾਮ ਦਾਸ ਸਰਾਂ ਦੇ ਅੰਦਰ,
ਭੂਤ ਇੰਦਰਾ ਦਾ ਔਂਦਾ ਹੈ।
ਉਸ ਸਰਾਂ ਦੇ ਅੰਦਰ,
ਹੁਣ ਕੋਈ ਜੀਅ ਭੀ,
ਆਰਾਮ ਨਾਲ ਨਾ ਸੌਂਦਾ ਹੈ।
ਤੇ ਰਾਮ ਦਾਸ ਤਕ ਆਪਣੀ ਨਗਰੀ,'



ਉਹਦੇ ਭਾਣੇ ਅੱਗੇ ਸਿਰ ਝੁਕਾਉਂਦਾ ਹੈ।

ਕਹਿੰਦੇ ਨੇ,
ਤੇਜਾ ਸਿੰਘ ਦਾ ਹਾਲ ਸਮੁੰਦਰੀ,
ਅੱਜ ਦਿਸਦਾ ਬੇਹਾਲ ਹੈ ਹੋਇਆ।
ਪਤਾ ਲਗਾ,
ਜਦ ਤੇਜਾ ਸਿੰਘ ਨੂੰ,
ਉਹ ਭੁੱਬਾਂ ਮਾਰ ਕੇ ਰੋਇਆ।

ਕਹਿੰਦੇ ਨੇ,
ਨਾਨਕ ਨਿਵਾਸ ਦੇ ਅੰਦਰ,
ਜਿਥੇ ਕਦੇ ਹੁੰਦਾ ਸੀ,
ਸੰਗਤਾਂ ਵਿੱਚ ਨਾਨਕ ਦਾ ਵਾਸਾ।
ਨਾਨਕ ਅੱਜ ਕਲ੍ਹ,
ਉਥੇ ਨਾ ਆਉਂਦਾ,
ਗੁਆਚ ਗਿਆ ਹੈ ਉੱਥੋਂ ਹਾਸਾ।

ਕਹਿੰਦੇ ਨੇ,
ਉਹ ਗੁਰੂ ਦਾ ਲੰਗਰ,
ਜਿਥੇ ਦੁਨੀਆਂ ਭਰ ਦੇ ਭੁੱਖੇ ਲੋਕੀਂ,
ਅੰਨ ਪਾਣੀ ਨੂੰ ਛਕਦੇ ਸੀ।
ਕਈ ਲੋਕ,
ਕੰਮ ਸਾਰਾ ਦਿਨ ਕਰਦੇ,
ਫਿਰ ਭੀ ਨਹੀਂ ਉਹ ਥੱਕਦੇ ਸੀ।
ਕਹਿੰਦੇ ਨੇ,
ਮਾਸ ਨਹੀਂ ਸੀ ਆਉਂਦਾ,
ਕਦੇ ਭੀ ਉਸ ਗੁਰੂ ਘਰ ਦੇ ਨੇੜੇ।
ਬੰਦਿਆਂ ਦਾ,
ਉਹਨਾਂ ਮਾਸ ਭੁੰਨਿਆ,
ਉਸ ਗੁਰੂ ਦੇ ਲੰਗਰ ਵਿਹੜੇ।
ਹਾਲੇ ਭੀ,

ਉਹਦੇ ਧੂੰਏ ਵਿਚੋਂ,
ਬਦਬੂ ਮਾਸ ਦੀ ਆਉਂਦੀ ਹੈ।
ਹਰ ਇਕ,
ਉਥੇ ਆਉਣ ਵਾਲੇ ਨੂੰ,
ਯਾਦ 'ਭੂੰਨੇ' ਸਿੱਖਾਂ ਦੀ ਦਹਾੜਉਂਦੀ ਹੈ।

ਕਹਿੰਦੇ ਨੇ,
ਅਕਾਲ ਤਖਤ ਦੇ ਅੱਗੇ॥
ਦੋ ਜੋ ਨਿਸ਼ਾਨ ਸਾਹਿਬ ਨੇ ਲਗੇ॥
ਆਪਸ ਵਿੱਚ ਇੰਜ ਗੱਲਾਂ ਕਰਦੇ॥
'ਹੁਣ ਤਾਈ ਤਾਂ,
ਆਪਾਂ ਸਭ ਕੁਝ ਡਿੱਠਾ,
ਸਭ ਕੁਝ ਰਹੇ ਸੀਨੇ ਤੇ ਜਰਦੇ।
ਇਹਨਾਂ ਨੂੰ ਸਾਡੀ,
ਲੋੜ ਨ ਕੋਈ,
ਇਹ ਤਾਂ ਕੁਰਸੀਆਂ ਲਈ,
ਲੜ ਲੜ ਮਰਦੇ।
ਕਾਹਦੇ ਲਈ,
ਆਪਾਂ ਦੇਦੇ ਪਹਿਰਾ,
ਕਾਹਦੇ ਲਈ,
ਆਪਾਂ ਠੰਡ ਵਿੱਚ ਠਰਦੇ।
ਆਪਣੇ ਜ਼ਖਮ ਤਾਂ,
ਉਂਜ ਪਏ ਹਨ,
ਪੱਟੀ ਨਾ ਬਨਣ,
ਇਹ ਸਰਕਾਰ ਤੋਂ ਡਰਦੇ।
ਮੀਰੀ ਭੀ ਗਈ,
ਪੀਰੀ ਭੀ ਗਈ,
ਹੁਣ ਆਪਾਂ ਕਾਹਦੀ ਹਾਮੀ ਭਰਦੇ।

ਕਹਿੰਦੇ ਨੇ,
ਰੋਜ਼ ਰਾਤ ਨੂੰ,



ਅਕਾਲ ਤਖਤ ਦੀ ਥੇਹ ਦੇ ਉਤੇ,
ਭਾਈ ਗੁਰਦਾਸ ਪਹਿਲਾਂ ਆਉਂਦਾ ਹੈ।
ਜਗਾਹ ਨੂੰ ਪੱਧਰੀ ਕਰਕੇ,
ਉਹ ਮਖਮਲ ਦੀ ਚਾਦਰ ਵਿਛਾਉਂਦਾ ਹੈ।
ਤੇ ਫੇਰ,
ਗੁਰੂ ਹਰ ਗੋਬਿੰਦ ਸਾਹਿਬ,
ਮੀਰੀ ਪੀਰੀ ਦੀਆਂ ਤਲਵਾਰਾਂ ਪਾ,
ਸੀਸ ਤੇ ਕਲਗੀ ਲਾਉਂਦਾ ਹੈ।
ਅਕਾਲ ਤਖਤ ਦੀ,
ਥੇਹ ਦੇ ਉਤੇ,
ਖੁਦ ਉਹ ਆ ਕੇ ਬਹਿੰਦਾ ਹੈ।
ਸਿੱਖ ਆਪਣਾ ਰਾਜ ਸੰਭਾਲੋ,
ਇਹੋ ਗੱਲ ਉਹ ਕਹਿੰਦਾ ਹੈ।

ਖਿਲਰੇ ਪੱਥਰਾਂ ਦੀ,
ਹਰ ਇਕ ਟੁਕੜੀ,
ਸਿੱਖਾਂ ਨੂੰ ਲਾਹਨਤਾਂ ਪਾਉਂਦੀ ਹੈ।
ਜੋ ਉਹਨਾਂ ਨਾਲ,
ਜੂਨ ਚੁਰਾਸੀ ਵਿੱਚ ਹੋਇਆ,
ਆਪ ਬੀਤੀ ਉਹ ਸੁਣਾਉਂਦੀ ਹੈ।
ਜੋ ਹਾਲੇ ਕਹਿੰਦੇ,
ਭਾਰਤ ਨਾਲ ਰਹਿਣਾ,
ਉਹਨਾਂ ਦੀ ਸੁੱਤੀ ਰੂਹ ਜਗਾਉਂਦੀ ਹੈ।
ਤੇ ਕਈ ਵਾਰ,
ਅਕਾਲ ਤਖਤ ਦੇ ਖੰਡਰਾਂ ਚੋਂ,
ਆਵਾਜ਼ ਇਕ ਹੋਰ ਆਉਂਦੀ ਹੈ।
ਖਾਲਿਸਤਾਨ ਜ਼ਿੰਦਾਬਾਦ,
ਦੇ ਨਾਹਰੇ ਉਹ ਲਾਉਂਦੀ ਹੈ।

ਕਹਿੰਦੇ ਨੇ,
ਰੋਜ਼ ਰਾਤ ਨੂੰ,

ਘੁੰਗਰੂਆਂ ਦੀ ਆਵਾਜ਼ ਨੂੰ ਸੁਣ ਕੇ,
ਸੁੱਖਾ ਤੇ ਮਹਿਤਾਬ ਸਿੰਘ ਆਉਦੇ ਨੇ।
ਫੌਜੀਆਂ ਨੂੰ ਰਿਸ਼ਵਤ,
ਦੇਣ ਦੇ ਲਈ,
ਨੋਟਾਂ ਨਾਲ ਭਰ ਬੋਰੀਆਂ ਲਿਆਉਦੇ ਨੇ।
ਹਾਲੇ ਭੀ ਹਰਿਮੰਦਰ ਚੋਂ ਨਿੱਤ,
ਮੱਸੇ ਰੰਗੜ ਨੂੰ ਕੱਢਦੇ ਨੇ।
ਤੇ ਜੇ ਕੋਈ ਵੀ ਜਸ਼ਨ ਮਨਾਉਦਾ ਹੈ।
ਸਿਰ ਉਹ ਉਹਦਾ ਵੱਢਦੇ ਨੇ।
ਸਿਰ ਨੂੰ ਜਦ,
ਟੰਗ ਬਰਸੀ ਉਤੇ,
ਡਿਊੜੀ ਤੋਂ ਬਾਹਰ ਉਹ ਆਉਦੇ ਨੇ।
ਨਾ ਉਥੇ ਇਲਾਚੀ ਬੇਰੀ,
ਨਾ ਹੀ ਘੋੜੇ ਥਿਆਉਦੇ ਨੇ।

ਕਹਿੰਦੇ ਨੇ,
ਕਿਤਾਬ ਘਰ ਦੇ ਲਾਗੇ,
ਰੋਜ਼ ਰਾਤ ਨੂੰ,
ਬਾਬਾ ਦੀਪ ਸਿੰਘ ਜੀ ਦੀ,
ਰੂਹ ਆਉਦੀ ਹੈ।
ਉਹ ਫਿਰ,
ਪਰਕਰਮਾ ਚੋਂ ਸੁੱਤੇ ਲੋਕਾਂ ਨੂੰ ਜਗਾ ਕੇ,
ਆਪਣੇ ਖੰਡੇ ਨਾਲ ਲੀਕ ਵਾਹੁੰਦੀ ਹੈ।
ਕੋਈ ਵਿਰਲਾ ਵਿਰਲਾ,
ਉਸ ਲੀਕ ਨੂੰ ਟੱਪਦਾ ਹੈ।
ਪਰ ਜੋ ਪਾਰ ਹੋ ਜਾਂਦਾ,
ਉਹ ਨਾਮ ਰੱਬ ਦਾ ਜੱਪਦਾ ਹੈ।
ਉਹ ਆਪਣੀ ਜਿੰਦ ਜਾਨ,



ਕੌਮ ਦੇ ਲੇਖੇ ਕਰਦਾ ਹੈ।
ਬਾਬੇ ਵਾਂਗੂੰ,
ਉਹ ਭੀ ਆਪਣਾ ਸੀਸ,
ਤਲੀ ਤੇ ਧਰਦਾ ਹੈ।

ਕਹਿੰਦੇ ਨੇ,
ਇਕ ਖੂੰਜੇ ਲਗ ਕੇ,
ਖੜ੍ਹਾ ਹੈ ਉਂਜ ਹੀ ਬਾਬਾ ਅੱਟਲ।
ਉਹ ਮਾਰ ਰਿਹਾ ਹੈ,
ਪਿਉ ਨੂੰ ਵਾਜਾਂ,
ਕਹਿੰਦਾ ਰੱਬਾ ਉਹਨੂੰ ਫੇਰ ਤੂੰ ਘੱਲ।

ਕਹਿੰਦੇ ਨੇ,
ਰੋਜ਼ ਰਾਤ ਨੂੰ,
ਦੁੱਖ ਭਜਨੀ ਬੇਰੀ ਦੇ ਥੱਲੇ,
ਬੀਬੀ ਰਜਨੀ ਦੀ ਰੂਹ ਆਉਦੀ ਹੈ।
ਕਦੇ ਕਦੇ ਉਹ ਨਾਲ ਆਪਣੇ,
'ਪਿੰਗਲੇ' ਨੂੰ ਭੀ ਲਿਆਉਦੀ ਹੈ।
ਪਰ ਤੱਕਕੇ ਹਾਲ ਹਰਿਮੰਦਰ ਦਾ ਮਾੜਾ,
ਉਥੇ ਬਹਿ ਕੀਰਨੇ ਪਾਉਦੀ ਹੈ।
ਤੇ ਦੁੱਖੀ ਹੁੰਦੀ ਹੈ,
ਦੁੱਖ ਭੰਜਨ ਬੇਰੀ,
ਤੱਕਕੇ ਹੱਥੀ ਕਿਸੇ ਦੇ ਫੌਹੜੀ।
ਉਹਨੂੰ ਲੱਭ,
ਉਹ ਦੇ ਨਾ ਸਕਦੀ,
ਠੀਕ ਕਰ ਸਕਦੀ ਹੈ ਭਾਂਵੇ ਕੋਹੜੀ।

ਕਹਿੰਦੇ ਨੇ,

ਖੜ੍ਹੀ ਜੋ ਹੈ,
ਕਈਆਂ ਸਦੀਆਂ ਤੋਂ,
ਬੇਰ ਬੁੱਢੇ ਦੀ,
ਅੱਜ ਪਈ ਡੋਲੇ।
ਬਾਬਾ ਬੁੱਢਾ,
ਅੱਜ ਆ ਥੱਲੇ ਬਹਿੰਦਾ,
ਤੇ ਕਹਿੰਦਾ ਇਹ ਗੱਲ ਹੌਲੇ ਹੌਲੇ।
'ਕੀ ਕੀਤਾ ਤੈ ਮੇਰਿਆ ਸਾਈਆਂ,
ਕੀ ਇਹ ਖੇਡ ਰਚਾਇਆ।
ਤੇਰੀਆਂ ਬਾਬਾ ਤੂੰਹੀਉ ਜਾਣੇ,
ਇਸ ਬੁੱਢੇ ਦੀ ਸਮਝ ਨਾ ਆਇਆ।
ਇਹ ਹਰਿਮੰਦਰ ਜੋ ਸਭ ਲਈ ਸਾਂਝਾ,
ਫਿਰ ਕਿਉ 'ਆਪਣਿਆਂ' ਢਾਇਆ।

ਕਹਿੰਦੇ ਨੇ,
ਰੋਜ਼ ਰਾਤ ਨੂੰ,
ਅਜਾਇਬ ਘਰ ਦੇ ਅੰਦਰ,
ਯੋਧੇ ਤਸਵੀਰਾਂ 'ਚੋਂ ਨਿਕਲ ਆਉਦੇ ਨੇ।
ਕੌਮ ਦੀ ਭਵਿੱਖ ਲਈ,
ਵਿਚਾਰ ਉਹ ਕਰਦੇ,
ਉਹ ਕਈ ਮਤੇ ਪਕਾਉਦੇ ਨੇ।
ਤੇ ਫਿਰ,
ਦਿਨ ਚੜ੍ਹਦੇ ਸਾਰ ਹੀ,
ਤਸਵੀਰਾਂ ਵਿੱਚ ਜਾ ਸਮਾਉਦੇ ਨੇ।

ਕਹਿੰਦੇ ਨੇ,
ਦਰਸ਼ਨੀ ਡਿਉੜੀ ਤੇ,
ਹਾਲੇ ਭੀ ਨੇ ਲਗਦੇ ਪਹਿਰੇ।



ਰਾਖੀ ਪਤਾ ਨੀਂ,
ਹੁਣ ਬਾਹਦੀ ਕਰਦੇ,
ਉਥੇ ਸਭ ਕੁਝ ਲੁੱਟਦਾ,
ਸਿਖਰ ਦੁਪਹਿਰੇ।
ਲਾਚੀ ਬੇਰੀ,
ਅੱਜ ਨਾ ਦਿਸਦੀ,
ਕਿਥੇ ਬਨਣਗੇ ਯੋਧੇ ਘੋੜੇ।
ਉਹ ਜਗਾਹ ਤਾਂ,
ਲਿਤਾੜ ਛੱਡੀ ਹੈ,
ਪਾ ਕੇ ਫੌਜੀਆਂ ਵੱਡੇ ਜੋੜੇ।

ਕਹਿੰਦੇ ਨੇ,
ਰੋਜ਼ ਰਾਤ ਨੂੰ,
ਗੁਰੂ ਅਰਜੱਨ ਖੁਦ ਭੀ ਆਉਦਾ ਹੈ।
ਹਰਿਮੰਦਰ ਦੀ ਨੀਂਹ,
ਪੱਕੀ ਕਰਨ ਲਈ,
ਮੀਆਂ ਮੀਰ ਨੂੰ ਨਾਲ ਲਿਆਉਦਾ ਹੈ।
ਤੇ ਜੇ ਇਹ ਹਰਿਮੰਦਰ,
ਢਹਿ ਢੇਰੀ ਹੋਇਆ,
ਇਹਨੂੰ ਕਿਵੇ ਬਨਾਉਣਾ,
ਇਸ ਦੀ ਵਿਉਤ ਬਣਾਉਦਾ ਹੈ।

ਕਹਿੰਦੇ ਨੇ,
ਦੇਖ ਆਪਣਿਆਂ ਦੇ ਕਾਰੇ,
ਹਰਿਮੰਦਰ ਵੀ ਅੱਜ ਸ਼ਰਮਾਉਦਾ ਹੈ।
ਮਿਲਦੀ ਨਹੀਂ,
ਉਹਨੂੰ ਕੋਈ ਢੋਈ,
ਸਰੋਵਰ ਵਿੱਚ ਉਹ ਡੁੱਬਣਾ ਚਾਹੁੰਦਾ ਹੈ।

ਕਹਿੰਦੇ ਨੇ,
ਰੋਜ਼ ਰਾਤ ਨੂੰ,
ਪਰਕਰਮਾ ਦੇ ਵਿਚੋਂ,
ਆਵਾਜ਼ ਚੀਖਾਂ ਦੀ ਆਉਦੀ ਹੈ।
'ਬਚਾਉ ਮੇਰੇ ਬੱਚੇ ਨੂੰ,
ਟੈਂਕ ਦੇ ਹੇਠੋਂ',
ਕੋਈ ਮਾਂ ਪਈ ਤਰਲੇ ਪਾਉਦੀ ਹੈ।
ਜਿਥੇ ਸੁੱਤੇ ਲੋਕਾਂ ਤੇ,
ਟੈਂਕ ਚਾਹੜੇ ਸਨ,
ਪਰਕਰਮਾ 'ਚੋਂ ਹਾਲੇ ਭੀ,
ਕਈ ਵਾਰ ਲਹੂ ਦਿਸਦਾ ਹੈ।
ਪਤਾ ਨਹੀਂ,
ਕਿਸੇ ਬੁੱਢੇ ਦਾ ਹੈ,
ਜਾਂ ਬੱਚੇ ਦਾ,
ਜਾਂ ਹੋਰ ਕਿਸ ਕਿਸ ਦਾ ਹੈ।


ਪਰਕਰਮਾ ਕਰਦੇ ਲੋਕਾਂ ਤਾਈ,
ਸਰੋਵਰ ਦੇ ਇਹ ਕਿਨਾਰੇ ਕਹਿੰਦੇ।
ਹਰ ਪੱਥਰ,
ਕੋਈ ਰਾਜ ਛੁਪਾਇਆ,
ਮੈਂ ਨਹੀਂ ਇਹ ਸਾਰੇ ਕਹਿੰਦੇ।

ਖੂੰਨ ਸ਼ਹੀਦਾਂ ਦਾ,
ਡੁਲ੍ਹਿਆ ਹਰ ਥਾ,
ਪੈਰ ਇਸ ਤੇ ਕਿੰਜ ਧਰੇਗਾ ਸਿੰਘਾ।
ਸਿਰ ਤੇਰਾ,
ਵਿੱਚ ਪੈਰਾਂ ਡਿੱਗਾ,
ਜਿਉਦਿਆਂ ਹੁਣ ਤੂੰ ਮਰੇਗਾ ਸਿੰਘਾ।



ਸਹਿਣ ਦੀ ਭੀ,
ਕੋਈ ਹੱਦ ਹੁੰਦੀ ਹੈ,
ਹਾਲੇ ਹੋਰ ਕਿੰਨਾ ਤੂੰ ਜਰੇਗਾ ਸਿੰਘਾ।
ਪੰਥ ਪਿਆਰੀ,
ਜਾਂ ਜਾਨ ਹੈ ਤੈਨੂੰ,
ਕਦ ਇਹ ਫੈਸਲਾ ਕਰੇਗਾ ਸਿੰਘਾ।
ਸਿੱਖ ਵਿਚੋ ਹੁਣ,
ਆ ਨਹੀਂ ਸਕਦਾ,
ਕਹਿਣ ਬੂਹੇ ਬੰਦ ਇਹ ਚਾਰੇ ਸਿੰਘਾ।
ਮਰ ਗਈ,
ਸਿੱਖੀ ਦੀ ਰੀਤ ਪੁਰਾਣੀ,
ਲੋਕ ਕਹਿਣ ਇਹ ਸਾਰੇ ਸਿੰਘਾ।

ਕਹਿੰਦੇ ਨੇ,
ਸੁਣ ਲੋਕਾਂ ਕੋਲੋਂ,
ਬਾਬਾ ਨਾਨਕ ਖੁਦ ਭੀ ਆਉਦਾ ਹੈ।
ਉਥੇ ਆ ਕੇ,
ਕੀਰਤਨ ਉਹ ਕਰਦਾ,
ਤੇ ਮਰਦਾਨਾ ਰਬਾਬ ਵਜਾਉਦਾ ਹੈ।
'ਏਤੀ ਮਾਰ ਪਈ ਕੁਰਲਾਣੈ,
ਤੈ ਕੀ ਦਰਦ ਨਾ ਆਇਆ।'
ਉਚੀ ਉਚੀ ਸੁਰ ਉਹ ਗਾਕੇ,
ਰੱਬ ਨੂੰ ਮਿਹਣਾ ਲਾਉਦਾ ਹੈ।
'ਭੰਜੀ' ਤੱਕਕੇ ਹਾਲ,
ਹਰਿਮੰਦਰ ਦਾ ਮਾੜਾ,
ਉਹ ਆਪਣਾ ਰੂਪ ਵਟਾਉਦਾ ਹੈ।
ਪਹਿਨ ਕੇ ਉਹ ਦਸਵਾਂ ਜਾਮਾ,
ਫੇਰ ਹੱਥ ਤਲਵਾਰ ਨੂੰ ਪਾਉਦਾ ਹੈ।



## ਸੱਜਰਾ ਬਦਲਾ

ਜੂਨ ਚਰਾਸੀ ਦੇ,
ਵੱਡੇ ਹਾਦਸੇ ਮਗਰੋਂ,
ਸਿੱਖ ਜਗਤ ਨੂੰ ਰੋਹ ਸੀ ਆਇਆ।
ਹਰ ਪਿੰਡ,
ਹਰ ਸ਼ਹਿਰ ਦੇ ਅੰਦਰ,
ਰੱਲ ਸਿੱਖਾਂ ਨੇ ਪਾਠ ਕਰਾਇਆ।



ਦਿੱਲੀ ਸ਼ਹਿਰ,
ਬੰਗਲਾ ਸਾਹਿਬ ਦੇ ਅੰਦਰ,
ਲੱਗਾ ਸੀ ਇਕ ਭਾਰਾ ਮੇਲਾ।
'ਰਾਗੀ' ਆਏ,
ਢਾਡੀ ਆਏ,
ਜੋਸ਼ ਵਿਚ ਸੀ ਸਾਰਾ ਮੇਲਾ।

ਦੂਰੋਂ ਦੂਰੋਂ ਲੋਕੀਂ ਆਏ,
ਲੱਖਾਂ ਦੀ ਕਹਿੰਦੇ ਭੀੜ ਸੀ ਉਥੇ।
ਹਰ ਚਿਹਰਾ ਉਦਾਸ ਸੀ ਦਿਸਦਾ,
ਹਰ ਦਿਲ ਨੇ ਲੁਕਾਈ ਪੀੜ ਸੀ ਉਥੇ।

ਆਗੂ ਲੋਕਾਂ ਨੇ ਉਥੇ ਭਾਸ਼ਣ ਕੀਤੇ,
ਢਾਡੀਆਂ ਨੇ ਉਥੇ ਵਾਰਾਂ ਗਾਈਆਂ।
ਕਿਸੇ ਨੇ ਕਸੂਰ 'ਸੰਤਾਂ' ਵਿੱਚ ਕੱਢਿਆ,
ਕਿਸੇ ਸਰਕਾਰ ਨੂੰ ਲਾਹਨਤਾਂ ਪਾਈਆਂ।

ਉਥੇ ਜੁੜੇ ਦੀਵਾਨ ਦੇ ਅੰਦਰ,
ਇਕ ਪੰਜਾਬ ਤੋਂ 'ਰਾਗੀ' ਆਇਆ।
ਗਾਉਣ ਵਿੱਚ ਉਹਦੇ ਦਰਦ ਸੀ ਏਨਾ,
ਇੰਜ ਲਗੇ ਕੋਈ ਵੈਰਾਗੀ ਆਇਆ।
ਅੱਖੀਂ ਉਹਨੇ ਜੋ ਤੱਕਿਆ ਸੀ,
ਲੋਕਾਂ ਤਾਈਂ ਹਾਲ ਸੁਣਾਇਆ।

ਕਿੰਜ ਹਰਿਮੰਦਰ ਤੇ ਹਮਲਾ ਹੋਇਆ,
ਕਿੰਜ ਉਥੇ ਸੀ ਲੋਕੀ ਮੋਏ।
ਕਿੰਜ ਉਹਨਾਂ ਲਾਸ਼ਾਂ ਨੂੰ ਢੋਇਆ,
ਕਿੰਜ ਉਹਨਾਂ ਜਾਲੇ ਅਧਮੋਏ।
ਕਿੰਜ ਉਹਨਾਂ ਕੱਚੇ ਭੁੰਨੇ ਕਰਕੇ,
ਕਿੰਜ ਦੱਬ ਦਿਤੇ ਪੁਟਕੇ ਟੋਏ।
ਕਿੰਜ ਭੈਣਾਂ ਨੇ ਵੀਰ ਗੁਆਏ,

ਕਿੰਜ ਮਾਵਾਂ ਨੇ ਪੁੱਤ ਸੀ ਖੋਏ।
ਕਿੰਜ ਉਹਨਾਂ ਬਜ਼ੁਰਗਾਂ ਨੂੰ ਬੰਨ੍ਹਿਆ,
ਕਿੰਜ ਬੱਚਿਆਂ ਦੇ ਲਹੂ ਉਥੇ ਚੋਏ।
ਕਿੰਜ ਉਹਨਾਂ ਪੱਤ ਬੀਬੀਆਂ ਦੀ ਲੁੱਟੀ,
ਕਿੰਜ ਉਥੇ ਬੇਵੱਸ ਮਾਪੇ ਰੋਏ।
ਕਿੰਜ ਸਿੱਖਾਂ ਨੇ ਵਾਰੀਆਂ ਜਾਨਾਂ,
ਕਿੰਜ ਟੈਂਕ ਪਰਕਰਮਾ ਵਿੱਚ ਖੜ੍ਹੋਏ।
ਜੋ ਹਾਲ ਸਿੱਖਾਂ ਦਾ ਹੋਇਆ,
ਰੱਬ ਕਰੇ ਉਹ ਕਿਸੇ ਦਾ ਨਾ ਹੋਏ।

ਆਪਣੇ ਪਿਛੋਕੜ ਵੱਲ,
ਤੁਸੀਂ ਝਾਤੀ ਮਾਰੋ,
ਸਿੱਖ ਕਰਨੀ ਤੇ ਕਥਨੀ ਦੇ ਸੱਚੇ ਸੀ।
ਸਿੱਖੀ ਉਸ ਵੇਲੇ ਪੱਕੀ ਸੀ,
ਜਦ ਜੰਗਲਾਂ ਵਿੱਚ ਰਹਿੰਦੇ ਸੀ,
ਤੇ ਘਰ ਸਾਡੇ ਭਾਂਵੇ ਕੱਚੇ ਸੀ।

ਸੁਣ ਸੁਣ ਕੇ,
ਹਰਿਮੰਦਰ ਦੀ ਗਾਥਾ,
ਲੋਕੀਂ ਲਗ ਪਏ ਲੈਣ ਉਥੇ ਹੌਕੇ।
ਇਕ ਨੌਜੁਆਨ,
ਨਾਮ ਬੇਅੰਤ ਸੀ ਜਿਹਦਾ,
ਗਏ ਉਹ ਤੋਂ ਭੀ ਨਾ ਹੰਝੂ ਰੋਕੇ।

ਤੱਕਕੇ ਉਹਦੀ ਅੱਖੀਂ ਹੰਝੂ,
ਕੇਹਰ ਸਿੰਘ ਨੇ ਇੰਜ ਫੁਰਮਾਇਆ।
"ਅਸੀਂ ਤਾਂ ਰੋਈਏ ਬੇਵੱਸ ਲੋਕੀ,
ਤੂੰ ਕਰ ਸਕਦਾ ਉਹਦਾ ਸਫਾਇਆ।"

ਉਹ ਜ਼ਾਲਮ ਜਿਸ ਮਹਿਲੀ ਰਹਿੰਦੀ,
ਤੂੰ ਉਹਦਾ ਹੈ ਪਹਿਰੇਦਾਰ।



ਸਭ ਕੁਝ ਬੰਦਾ ਹੱਥ ਹੈ ਤੇਰੇ,
ਤੂੰ ਲਾਹ ਸਕਦਾ ਹੈ ਇਹ ਉਧਾਰ।

ਸੁਣਕੇ ਸਾਰੀ ਦਾਸਤਾਨ,
ਉਸ ਜਵਾਨ ਦੇ ਫੜਕੇ ਡੌਲੇ।
ਯੁਧ ਕਰਨ ਦੀ ਸੋਚ ਲਈ ਉਸ,
ਪੂੰਝ ਲਏ ਹੰਝੂ ਹੌਲੇ ਹੌਲੇ।

ਕੇਹਲੀ ਗੱਲ ਕੁਝ ਕੇਹਰ ਨਾਲ ਉਹਨੇ,
ਰਲਕੇ ਇਕ ਉਨ ਮਤਾ ਪਕਾਇਆ।
ਸੁੱਖਾ ਜਾਂ ਮਹਿਤਾਬ ਬਨਣ ਦਾ,
ਦਿਲ ਵਿੱਚ ਉਹਦੇ ਚਾਅ ਉਠ ਆਇਆ।

ਛੁੱਟੀ ਲੈ ਕੇ,
ਉਹ ਤੁਰ ਪਿਆ,
ਆਪਣੇ ਹਰਿਮੰਦਰ ਟੇਕਣ ਮੱਥਾ।
ਸਾਰੇ ਰਾਹ,
ਉਹਨੂੰ ਯਾਦ ਰਹੀ ਉਹ,
ਉਸ ਰਾਗੀ ਦੀ ਕਹੀ ਕਥਾ।

ਸਭ ਕੁਝ ਸੱਚ ਸੀ,
ਕਹਿੰਦਾ ਉਹ ਰਾਗੀ,
ਜਾ ਉਹਨੇ ਆਪਣੀਂ ਅੱਖੀਂ ਤੱਕਿਆ।
ਵਹਿ ਤੁਰਿਆ,
ਉਹਦੇ ਨੀਰ ਨੈਣਾਂ ਚੋਂ,
ਲੱਖ ਕੋਸ਼ਿਸ਼ਾਂ ਨਾਲ ਰੋਕ ਨਾ ਸਕਿਆ।

ਅਕਾਲ ਤਖਤ ਦੀ,
ਥੇਹ ਤੇ ਜਾ ਕੇ,
ਉਸਨੇ ਆਪਣਾ ਸੀਸ ਝੁਕਾਇਆ।

ਅੱਖਾਂ ਉਹਦੀਆਂ,
ਭੱਖਣ ਵਾਂਗ ਅੰਗਾਰੇ,
ਗਲ ਵਿੱਚ ਉਹਨੇ ਪੱਲਾ ਪਾਇਆ।
"ਐ ਦੋ ਜਹਾਨੀ ਦੇ ਵਾਲੀ,
ਮੈਂ ਅੱਜ ਦਰ ਤੇਰੇ ਤੇ ਆਇਆ ਹਾਂ।
ਛੱਡ ਆਇਆ ਹਾਂ ਦੁਨੀਆ ਵਸਦੀ,
ਮੈਂ ਤਨ ਮਨ ਆਪਣਾ ਲਿਆਇਆ ਹਾਂ।
ਮੈਂ ਹਾਂ ਇਕ ਮਾਮੂਲੀ ਬੰਦਾ,
ਮਾਮੂਲੀ ਘਰ ਵਿਚ ਜਾਇਆ।
ਮੈਂ ਕੋਈ ਐਵੇਂ ਫੜ ਨਾ ਮਾਰਾਂ,
ਮੈਂ ਇਕ ਮਤਾ ਪਕਾਇਆ।
ਸੌਹ ਮੈਨੂੰ ਏ ਤੇਰੀ ਦਾਤਾ,
ਮੈਂ ਤੇਰਾ ਸਿੱਖ ਅਖਵਾਵਾਂਗਾ।
ਛੇਤੀ ਹੀ ਬਸ ਅੰਮ੍ਰਿਤ ਛੱਕਕੇ,
ਪੰਜ ਕੱਕੇ ਮੈਂ ਪਾਵਾਂਗਾ।
ਜਿਸ ਨੇ ਤੇਰਾ ਤਖਤ ਹੈ ਢਾਹਿਆ,
ਮੈਂ ਉਸ ਜ਼ਾਲਮ ਨੂੰ ਢਾਹਵਾਂਗਾ।
ਹਰਿਮੰਦਰ ਜਿਵੇ ਉਸ ਛਾਨਣੀ ਕੀਤਾ,
ਮੈਂ ਉਹਨੂੰ ਛਾਨਣੀ ਬਣਾਵਾਂਗਾ।
ਬਖਸ਼ੀ ਮੈਨੂੰ ਹਿੰਮਤ ਏਨੀ,
ਮੈਂ ਬੱਸ ਇਹ ਇਕ ਕੰਮ ਕਰ ਜਾਵਾਂ।
ਇਹ ਕੰਮ ਸਿਰੇ ਚੜ੍ਹਣ ਦੇ ਮਗਰੋਂ,
ਫਿਰ ਭਾਂਵੇ ਮੈਂ ਖੁਦ ਮਰ ਜਾਵਾਂ।
ਮੇਹਰ ਕਰੀਂ ਮੇਰੇ 'ਤੇ ਦਾਤਾ,
ਹੱਥ ਹਮੇਸ਼ਾ ਮੇਰੇ ਤੇ ਰੱਖਣਾ।
ਵਾਰ ਜਿਸ ਦਿਨ ਕਰਾਂ ਜ਼ਾਲਮ ਉਤੇ,
ਕਿਤੇ ਨਾ ਉਹ ਲੰਘ ਜਾਏ ਸੱਖਣਾ।
ਹਿੰਮਤ ਦੇਈ ਸਤਵੰਤ ਕੇਹਰ ਨੂੰ,
ਉਹ ਉਨੀ ਦੇਰ ਤਕ ਕੁਝ ਨਾ ਬੋਲਣ।
ਜਿੰਨੀ ਦੇਰ ਤਕ ਇਹ ਸਿਰੇ ਨਾ ਚੜ੍ਹਦਾ,
ਉਹ ਭੇਦ ਕਿਸੇ ਕੋਲ ਇਹ ਨਾ ਖੋਲਣ।



ਇਹ ਤਨ ਮਨ ਤੇਰਾ ਅੱਜ ਤੈਨੂੰ ਅਰਪਾਂ,
ਇਸ ਕੌਮ ਆਵੇ ਲਗਦਾ ਚੰਗਾ।
ਮਰ ਜਾਵਾਂ ਲਾ ਜਿੰਦ ਕੌਮ ਦੇ ਲੇਖੇ,
ਹੋਰ ਤੇਰੇ ਤੋਂ ਕੁਝ ਨਾ ਮੰਗਾ।"

ਅਕਾਲ ਤਖਤ ਦੀ ਰੋੜੀ ਚੁਕਕੇ,
ਬਦਲਾ ਲੈਣ ਦਾ ਕੀਤਾ ਵਾਇਦਾ।
ਇਕੋ ਧੁਨ ਉਹਦੇ ਦਿਲ ਵਿੱਚ ਲਗੀ,
ਭੁਲ ਬੈਠਾ ਉਹ ਹਰ ਇਕ ਕਾਇਦਾ।

ਛੱਡ ਦਿੱਤੀ ਰੰਗ ਬਿਰੰਗੀ ਜ਼ਿੰਦਗੀ,
ਤੋੜ ਦਿੱਤਾ ਉਸ ਆਪਣਾ ਪੈਮਾਨਾ।
ਗੁਰਦੁਆਰੇ ਜਾਣ ਲਗ ਪਿਆ,
ਛੱਡ ਦਿੱਤਾ ਉਸ ਜਾਣਾ ਮੈਖਾਨਾ।

ਦਿੱਲੀ ਜਾ ਉਸ ਯੋਧੇ ਨੇ,
ਆਪਣੇ ਯਾਰ ਨਾਲ ਮਤਾ ਪਕਾਇਆ।
ਪੰਦਰਾਂ ਅਗਸਤ ਨੂੰ ਮਾਰਣ ਵਾਸਤੇ,
ਬਲਬੀਰ ਨੇ ਨਾ ਉਹਦਾ ਸਾਥ ਨਿਭਾਇਆ।

ਇਕ ਦਿਨ ਟਾਹਲੀ ਉਤੇ ਬੈਠਾ,
ਸਤਵੰਤ ਨੂੰ ਉਹਨੇ ਰਾਜ਼ ਦਿਖਾਇਆ।
ਕੰਮ ਇਸ ਨੂੰ ਸਿਰੇ ਚਾੜ੍ਹਣ ਖਾਤਿਰ,
ਇਸ ਗਭਰੂ ਨੂੰ ਨਾਲ ਰਲਾਇਆ।

ਕਿਸ ਕਿਸ ਨੇ,
ਕੀ ਕੀ ਹੈ ਕਰਨਾ,
ਇਹਨੇ ਕਰ ਲਈ ਪੂਰੀ ਤਿਆਰੀ।
ਆਖਿਰ ਇਕਤੀ ਅਕਤੂਬਰ ਨੂੰ ਸਵੇਰੇ,
ਆ ਗਈ ਉਸ ਜ਼ਾਲਮ ਦੀ ਵਾਰੀ।

ਸੱਜ ਧੱਜ ਕੇ ਉਹ,
ਬਾਹਰ ਜਾ ਨਿਕਲੀ,
ਪਾ ਕੇ ਸੁਹਣੇ ਰੇਸ਼ਮੀ ਕਪੜੇ।
ਬੇਅੰਤ ਕੋਲ ਪਿਸਤੌਲ ਸੀ ਉਸ ਦਿਨ,
ਸਤਵੰਤ ਹੁਰੀਂ ਮਸ਼ੀਨਗੰਨ ਲੈ ਅਪੱੜੇ।

ਸਲੂਟ ਮਾਰਕੇ,
ਆਖਰੀ ਉਸ ਦਿਨ,
ਆਪਣਾ ਉਸ ਪਿਸਤੌਲ ਉਠਾਇਆ।
ਸਿੱਧਾ ਕਰਕੇ ਉਹਦੀ ਛਾਤੀ ਵੱਲ,
ਜਦ ਉਸਦਾ ਘੋੜਾ ਦਬਾਇਆ।
ਠਾਹ ਠਾਹ ਕਰਕੇ ਪੰਜ ਗੋਲੀਆਂ ਚਲੀਆਂ,
ਸਤਵੰਤ ਨਹੀਂ ਸੀ ਸੰਭਲਿਆ ਹਾਲੀਂ।
ਮੌਕਾ ਪਾ,
ਉਸ ਨੇ ਭੀ ਆਪਣੀ,
ਕਰ ਦਿੱਤੀ ਮਸ਼ੀਨਗੰਨ ਹੀ ਖਾਲੀ।

ਉਤਾਂ ਨੂੰ ਮੂੰਹ ਕਰ ਜੋ ਤੁਰਦੀ ਸੀ,
ਕਰ ਦਿੱਤੀ ਉਹਨੇ ਉਥੇ ਢੇਰੀ।
ਪਲਾਂ ਵਿੱਚ ਜਿੰਦ ਪਖੇਰੂ ਉਡੀ,
ਲਗੀ ਨਹੀਂ ਉਹਨੂੰ ਬਹੁਤੀ ਦੇਰੀ।

"ਅਸਾਂ ਕਰਨਾ ਸੀ ਜੋ ਕਰ ਲਿਆ,
ਹੁਣ ਜੋ ਤੁਹਾਡੇ ਚਿਤ ਹੈ ਕਰ ਲੋ।"
ਵਗਾਹ ਕੇ ਉਹਨਾਂ ਹਥਿਆਰ ਸੁੱਟ ਤੇ,
ਫੜਣਾ ਹੈ ਤਾਂ ਸਾਨੂੰ ਫੜ ਲੋ।

ਰੋਕ ਸਕੇ ਨਾ ਰਾਹ ਉਹਦੀ ਨੂੰ,
ਬਿਮਲਾ ਬੀਬੀ ਦੇ ਵੀ ਰੋਸੇ।
ਛੱਡ ਤੁਰਿਆ ਉਹ ਟੱਬਰ ਆਪਣਾ,



ਬਸ ਇਕ ਉਸ ਰੱਬ ਦੇ ਭਰੋਸੇ।
ਦੇਖ ਨਿਹੱਥੇ,
ਛੋਟਾ ਵੀਰਾਂ ਨੂੰ,
ਭੱਜ ਕੇ ਆਏ ਉਹਦੇ ਪਾਲਤੂ ਕੁੱਤੇ।
ਗੋਲੀ ਦੀ ਆਵਾਜ਼ ਨੂੰ ਸੁਣਕੇ,
ਜੋ ਪੂਛ ਦਬਾ ਸੀ ਘੁਰਨੀ ਸੁੱਤੇ।

ਫਿਰ ਉਹਨਾਂ ਗੋਲੀਆਂ ਦਾ ਬਰਸਾ ਕੇ,
ਬੇਅੰਤ ਸਿੰਘ ਨੂੰ ਮਾਰ ਮੁਕਾਇਆ।
ਸਤਵੰਤ ਸਿੰਘ ਨੂੰ ਜ਼ਖਮੀ ਕਰਕੇ,
ਮਗਰੋਂ ਹੀ ਹਸਪਤਾਲ ਪਹੁੰਚਾਇਆ।
ਕਿਸੇ ਨਾ ਉਹਨੂੰ ਪਾਣੀ ਦਿੱਤਾ,
ਨਾ ਕਿਸੇ ਮਲ੍ਹਮ ਜ਼ਖਮਾਂ ਤੇ ਲਾਇਆ।


ਲੱਖਾਂ ਉਹਨੂੰ ਤਸੀਹੇ ਦਿੱਤੇ,
ਹਰ ਦਿਨ ਉਹਨਾਂ ਉਹਨੂੰ ਸਤਾਇਆ।
ਹਰ ਛੋਟੀ ਜਾਣੇ ਉਹਦੇ ਗੁੰਡਿਆਂ,
ਹਰ ਇਕ ਸ਼ਹਿਰ ਕੀ ਗੰਦ ਮਚਾਇਆ।
"ਖੂਨ ਦਾ ਬਦਲਾ ਖੂਨ" ਹੋਵੇਗਾ,
ਇਹ ਸੀ ਉਹਨਾਂ ਨਾਹਰਾ ਲਾਇਆ।

ਸਤਵੰਤ ਅਤੇ ਕੇਹਰ ਸਿੰਘ ਦੇ ਉਤੇ,
ਉਹਨਾਂ ਕਤਲ ਦਾ ਕੇਸ ਬਣਾਇਆ।
ਜ਼ਾਲਮ ਰਾਜੇ ਦੇ ਜ਼ਰ ਖਰੀਦੇ ਜੱਜਾਂ,
ਉਹਨਾਂ ਦੋਹਾਂ ਨੂੰ ਫਾਂਸੀ ਲਾਇਆ।
ਪਰ ਜੋ ਸਨ ਸਿੱਖਾਂ ਦੇ ਖੂਨੀ,
ਕਿਸੇ ਇਕ ਨੂੰ ਭੀ ਨਾ ਜੇਲ੍ਹ 'ਚ ਪਾਇਆ।

ਸਦਾ ਮਹਿਕ ਆਵੇਗੀ,
ਇਤਿਹਾਸ ਦੇ ਪੰਨਿਆਂ ਚੋਂ,
ਇਕ ਸੱਜਰੇ ਖਿੜੇ ਗੁਲਾਬ ਦੇ ਵਾਂਗੂੰ।
ਸਿਰ ਉਚਾ ਕਰ,
ਸਿੱਖ ਯਾਦ ਕਰਨਗੇ,
ਉਹਨਾਂ ਨੂੰ ਸੁੱਖਾ ਸਿੰਘ ਮਹਿਤਾਬ ਦੇ ਵਾਂਗੂੰ।

'ਭੱਜੀ' ਵਾਰ ਗਏ ਉਹ ਆਪਣੀ ਜਾਨਾਂ,
ਕੰਮ ਉਹ ਇਕ ਚੰਗਾ ਕਰ ਗਏ।
ਢਿੱਠੀ ਹੋਈ ਪੱਗ ਸਿੱਖ ਕੌਮ ਦੀ,
ਮੁੜਕੇ ਉਹ ਸਾਡੇ ਸਿਰ ਤੇ ਧਰ ਗਏ।





## 'ਤਾਰਾ'

ਸਿੱਖੀ ਦੇ ਸੁਹਣੇ ਅੰਬਰ ਉਤੇ,
ਚਮਕਿਆ ਸੀ ਇਕ ਐਸਾ ਤਾਰਾ।
ਚਕਾਚੌਂਧ ਕਰ ਜਦ ਉਹ ਟੁਟਿਆ,
ਵੇਖਦਾ ਰਹਿ ਗਿਆ ਉਹਨੂੰ ਜੱਗ ਸਾਰਾ।।

ਦਿਲ ਆਪਣਾ ਸੰਭਾਲ ਨਾ ਸਕਿਆ,
ਟੁੱਟਾ ਤੱਕ ਅਕਾਲ ਤਖਤ ਦਾ ਮੁਨਾਰਾ।।
ਕਈ ਦੇਰ ਉਹ ਰਿਹਾ ਸੀ ਫਿਰਦਾ,
ਲੈ ਸੀਨੇ ਵਿੱਚ ਰਾਜ਼ ਇਕ ਭਾਰਾ।।
ਨਿਤ ਨਵੇ ਕੋਈ ਢੰਗ ਸੋਚਦਾ,
ਪਰ ਚਲਦਾ ਨਹੀਂ ਸੀ ਕੋਈ ਚਾਰਾ।।

'ਚੁੱਪ ਚੁੱਪ ਤੁਸੀਂ ਕਿਉ ਰਹਿੰਦੇ ਹੋ',
ਜਦ ਕਦੇ ਪੁਛਦੀ ਉਸਦੀ ਦਾਰਾ।।
ਕੌਣ ਪਾਲੂਗਾ ਇਹਨਾਂ ਬੱਚਿਆਂ ਨੂੰ,
ਕਿੰਜ ਹੋਊ ਆਪਣਾ ਗੁਜ਼ਾਰਾ।।
'ਰੱਖ ਭਰੋਸਾ ਰੱਬ ਤੇ ਬਿਮਲਾ,
ਮੇਹਰ ਕਰੇਗਾ ਅਕਾਲ ਪੁਰਖ ਹਮਾਰਾ।'
ਹੱਸਕੇ ਗੱਲ ਨੂੰ ਟਾਲ ਦੇਦਾ ਇੰਜ,
ਜਾਂ ਲਾ ਦੇਂਦਾ ਉਹਨੂੰ ਕੋਈ ਲਾਰਾ।।

ਸੁਣ ਸੁਣ ਝੂਠੀਆਂ ਰੋਜ਼ ਦੀਆਂ ਖਬਰਾਂ,
ਚੜ੍ਹਦਾ ਰਹਿੰਦਾ ਸੀ ਉਹਦਾ ਪਾਰਾ।।
ਇਕ ਦਿਨ ਕਹਿੰਦਾ ਸਤਵੰਤ ਨੂੰ ਉਹ,
ਗੱਲ ਸੁਣੀ ਖਾਂ ਮੇਰਿਆ ਯਾਰਾ।।
ਅਕਾਲ ਤਖਤ ਢਾਹ ਬਣਾਈ ਜਾਂਦੇ,
ਲਾ ਸਿੱਖਾਂ ਦੇ ਲਹੂ ਨਾਲ ਭਿਜਿਆ ਗਾਰਾ।।
ਜੇ ਤੂੰ ਮੇਰਾ ਸਾਥ ਦੇਵੇ ਤਾਂ,
ਕਰ ਜਾਈਏ ਆਪਾਂ ਕੋਈ ਕਾਰਾ।।

ਇਹ ਜਾਨ ਬਾਜ਼ੀ ਤੇ ਲਾ ਦੇਦੇ ਹਾਂ,
ਫੇਰ ਦੇਖੀ ਜਾਊ ਜੇਹੜੀ ਲਗੂ ਧਾਰਾ।।
ਰਲਾਕੇ ਉਹਨੂੰ ਨਾਲ ਫਿਰ ਆਪਣੇ,
ਸਮਝਾ ਦਿੱਤਾ ਕਿੰਜ ਕਰਨਾ ਸਾਰਾ।।

ਆਖਰ ਇਕ ਦਿਨ ਪੈ ਗਿਆ ਰੌਲਾ,



'ਅਰੇ ਸਿੱਖੋ ਨੇ ਗਾਂਧੀ ਕੋ ਮਾਰਾ।'
ਸੁੱਖਾ ਸਿੰਘ ਮਹਿਤਾਬ ਦੇ ਮਗਰੋਂ,
ਬੇਅੰਤ ਸਤਵੰਤ ਪੂਰੀ ਕਰ ਗਏ ਕਾਰਾ।।
'ਝੰਜੀ' ਸਿੱਖੀ ਦੇ ਸੁਹਣੇ ਅੰਬਰ ਉਤੇ,
ਚਮਕਣਗੇ ਸਦਾ ਉਹ ਬਣ ਕੇ ਤਾਰਾ।।



# ਚਿੱਠੀ

ਸੁਣ ਮੇਰੇ ਪ੍ਰਦੇਸੀ ਹਮਦਰਦਾ,
ਤੈਨੂੰ ਚਿੱਠੀ ਲਿਖ ਮੈਂ ਪਾਵਾਂ ਵੇ ਵੀਰਾ।।
ਕਈ ਵਾਰ ਮੇਰਾ ਹਾਲ ਤੂੰ ਪੁੱਛਿਆ,
ਅੱਜ ਆਪਣਾ ਹਾਲ ਸੁਣਾਵਾਂ ਵੇ ਵੀਰਾ।।
ਦਿਲ ਸੀ ਮੇਰਾ ਪੱਥਰ ਹੋ ਗਿਆ,
ਪਰ ਅੱਜ ਤੈਨੂੰ ਖੋਲ੍ਹ ਦਿਖਾਵਾਂ ਵੇ ਵੀਰਾ।।
ਦਿਲ ਦਾ ਨਸੂਰ ਫੱਟਣ ਤੇ ਆਇਆ,
ਅੱਜ ਕੁਛ ਨਾ ਤੈਥੋਂ ਲੁਕਾਵਾਂ ਵੇ ਵੀਰਾ।।

ਚੌਰਾਸੀ ਦੀ ਮਨਹੂਸ ਸ਼ਾਮ ਉਹ,
ਜਿਸ ਦਿਨ ਇੰਦਰਾ ਮੋਈ ਸੀ।।



ਸਾਰੇ ਹੀ ਸਨ ਉਦਾਸ ਜਾਪਦੇ,
ਖੁਸ਼ੀ ਨਹੀਂ ਦਿੱਸਦਾ ਕੋਈ ਸੀ।।

ਇਹ ਤਾਂ ਸਭ ਨੂੰ ਪਹਿਲਾਂ ਪਤਾ ਸੀ,
ਉਸ ਇਕ ਦਿਨ ਸਿੱਖਾਂ ਹੱਥੋਂ ਮਰਨਾ।।
ਹਰਿਮੰਦਰ ਜੋ ਉਸ ਕਹਿਰ ਗੁਜ਼ਾਰਿਆ,
ਆਖਰ ਉਸ ਦਾ ਹਰਜ਼ਾਨਾ ਭਰਨਾ।।
ਅਕਾਲ ਪੁਰਖ ਦਾ ਹੁਕਮ ਜੋ ਹੋਇਆ,
ਉਹ ਬੇਅੰਤ, ਸਤਵੰਤ ਸੀ ਪੂਰਾ ਕਰਨਾ।।
ਅਸੀਂ ਸੋਚਿਆ ਹੁਣ ਹਿਸਾਬ ਨਿਬੜਿਆ,
ਨਹੀਂ ਪਤਾ ਸੀ ਨਵਾਂ ਖਾਤਾ ਸ਼ੁਰੂ ਕਰਨਾ।।

ਮੈਂ ਆਪਣੇ ਘਰ ਸੀ ਬੈਠੀ ਹੋਈ,
ਕੁਝ ਕਰਨ ਨੂੰ ਦਿਲ ਨਹੀਂ ਸੀ ਕਰਦਾ।।
ਜੀਤੋ, ਪੱਪੂ ਸੀ ਬਾਹਰ ਖੇਡਦੇ,
ਕੋਈ ਨਹੀਂ ਸੀ ਕਿਸੇ ਤੋਂ ਡਰਦਾ।।

ਕਿਸੇ ਨੇ ਕਿਸੇ ਨੂੰ ਮਾਰ ਦਿੱਤਾ ਹੈ,
ਸੁਣ ਚੁੱਕੇ ਸੀ ਕਈ ਵਾਰ ਅਸੀਂ ਅੱਗੇ।।
ਨਿੱਕਾ ਜਿਹਾ ਜੋ ਘਰ ਮੇਰਾ ਸੀ,
ਮੈਨੂੰ 'ਮੋਤੀ ਬਾਗ' ਦੇ ਵਾਂਗ ਉਹ ਲੱਗੇ।।

ਐਨੇ ਨੂੰ ਪੱਪੂ ਦਾ ਬਾਪੂ,
ਕੰਮ ਤੋਂ ਘਰ ਨੂੰ ਮੁੜ ਆਇਆ।।
ਆ ਗਿਆ ਸੀ ਅੱਜ ਉਹ ਜਲਦੀ,
ਨਾਲੇ ਲੱਗਦਾ ਸੀ ਕੁਝ ਘਬਰਾਇਆ।।
ਕਹਿੰਦਾ ਜੀਤੋ ਪੱਪੂ ਦਸ ਨੇ ਕਿਥੇ,
ਅੰਦਰ ਸੱਦ ਉਨ੍ਹਾਂ ਨੂੰ ਜਲਦੀ।।
ਉਸ ਮੈਨੂੰ ਸੀ ਆ ਕੇ ਦੱਸਿਆ,
ਬਾਹਰ ਵਿੱਚ ਤੱਕੀ ਉਸ ਅੱਗ ਜੋ ਬਲਦੀ।।

ਐਨੇ ਨੂੰ ਅਸੀਂ ਦੂਰੋ ਤੱਕਿਆ,
ਗੁੰਡਿਆਂ ਦਾ ਇਕ ਟੋਲਾ ਵਧਦਾ।।
ਲੋਕ ਸੀ ਸਭ ਉਹ ਜਾਣੇ ਪਛਾਣੇ,
ਪਰ ਜਵਾਬ ਨਾ ਦੇਣ
ਉਹ ਕਿਸੇ ਵੀ ਗੱਲ ਦਾ।।

ਆਉਂਦਿਆਂ ਉਨ੍ਹਾਂ ਮੇਰੇ ਮੱਖਣ ਨੂੰ,
ਫੜ ਜ਼ਮੀਨ ਤੇ ਪਟਕਾਇਆ ਵੇ ਵੀਰਾ।।
ਫੇਰ ਉਨ੍ਹਾਂ ਉਹਦੀ ਪੱਗ ਨਾਲ ਬੰਨ੍ਹ ਕੇ,
ਪੁੱਠਾ ਦਰਖਤ ਨਾਲ ਲਟਕਾਇਆ ਵੇ ਵੀਰਾ।।
ਕਿਸੇ ਨਾ ਉਹਦੀ ਬਾਤ ਸੁਣੀ,
ਉਹ ਸੀ ਬਹੁਤ ਕੁਰਲਾਇਆ ਵੇ ਵੀਰਾ।।
ਭੀੜ ਵਿਚੋਂ ਨਿੱਕਲ ਰਾਮੂ ਨਾਈ,
ਝੱਟ ਅੱਗੇ ਸੀ ਆਇਆ ਵੇ ਵੀਰਾ।।
ਪਹਿਲਾਂ ਉਹਦੇ ਕੇਸ ਕੱਟੇ ਉਸ,
ਫੇਰ ਹੱਥ ਦਾੜ੍ਹੀ ਨੂੰ ਪਾਇਆ ਵੇ ਵੀਰਾ।।

ਸਭ ਖੜ੍ਹੇ ਉਹ ਮਾਰਨ ਠੱਠੇ,
ਰੱਜ ਕੇ ਉਨ੍ਹਾਂ ਊਧਮ ਮਚਾਇਆ।।
ਬਣ ਗਏ ਉਹ ਹੈਵਾਨ ਸੀ ਸਾਰੇ,
ਕਿਸੇ ਨੂੰ ਭੋਰਾ ਤਰਸ ਨਾ ਆਇਆ।।

ਕੋਹ ਕੋਹ ਕੇ ਸਰੀਏ ਨਾਲ ਉਨ੍ਹਾਂ ਨੇ,
ਕਰ ਦਿੱਤਾ ਮੇਰਾ ਮੱਖਣ ਅਧ-ਮੋਇਆ।।
ਫੇਰ ਉਨ੍ਹਾਂ 'ਚੋਂ ਸੀਤੇ ਤੇਲੀ ਨੇ,
ਮਿੱਟੀ ਦਾ ਕੁੱਛ ਤੇਲ ਸੀ ਚੋਇਆ।।
ਕਿਸ਼ਨੇ ਨੇ ਬਲਦੀ ਸਿਗਰਟ ਨਾਲ,
ਮੇਰੇ ਮੱਖਣ ਦਾ ਪਿੰਡਾ ਛੋਹਿਆ।।
ਮਿੰਟਾਂ ਵਿੱਚ ਉਹ ਭਾਂਬੜ ਬਣ ਗਿਆ,
ਇੰਝ ਗਿਆ ਮੇਰਾ ਮੱਖਣ ਖੋਹਿਆ।।



ਮੈ ਬਥੇਰੇ ਮਿੰਨਤਾਂ ਤਰਲੇ ਕੀਤੇ,
ਪਰ ਕਿਸੇ ਨਾ ਸੁਣੀ ਮੇਰੀ ਅਰਜੋਈ।।
ਇਸੇ ਤਰ੍ਹਾਂ ਕਈ ਹੋਰ ਸਿੱਖਾਂ ਦੀ,
ਸਾਡੇ ਮੁਹੱਲੇ ਗਤ ਸੀ ਹੋਈ।।
ਫੇਰ ਮੈਨੂੰ ਰੋਂਦੀ ਕੁਰਲਾਉਂਦੀ ਨੂੰ,
ਅੰਦਰ ਉਹ ਲੈ ਗਏ ਫੜਕੇ।।
ਮੇਰੇ ਤਨ ਦੇ ਉਨ੍ਹਾਂ ਲੀੜੇ ਪਾੜੇ,
ਛੱਡਿਆ ਮੈਨੂੰ ਨੰਗੀ ਕਰਕੇ।।
ਸੱਤ ਜਣਿਆਂ ਮੇਰੀ ਪੱਤ ਸੀ ਲੁੱਟੀ,
ਚੱਲਿਆ ਨਾ ਕੋਈ ਮੇਰਾ ਜ਼ੋਰ ਵੇ ਵੀਰਾ।।
ਮੈ ਫੇਰ ਹੋ ਕੇ ਨਿਢਾਲ ਪੈ ਗਈ,
ਗੁਜ਼ਾਰੇ ਕਈ ਫੇਰ ਹੋਰ ਵੇ ਵੀਰਾ।।

ਚੀਖ ਸੁਣ ਮੇਰੀ ਬੇਹੋਸ਼ੀ ਟੁੱਟੀ,
ਮੇਰੀ ਜੀਤੋ ਉਨ੍ਹਾਂ ਹੱਥ ਆਈ ਵੇ ਵੀਰਾ।।
ਚੌਦਾਂ ਸਾਲਾਂ ਦੀ ਸੀ ਮੇਰੀ ਬੱਚੀ,
ਫੜ ਲੈ ਗਏ ਕਈ ਕਸਾਈ ਵੇ ਵੀਰਾ।।
ਮੈ ਨੰਗੀ ਉਨ੍ਹਾਂ ਦੇ ਪਿੱਛੇ ਭੱਜੀ,
ਲਾ ਦਿੱਤੀ ਉਨ੍ਹਾਂ ਮੈਨੂੰ ਡਾਹੀ ਵੇ ਵੀਰਾ।।
ਪਤਾ ਨਹੀਂ ਕੀ ਵਾਪਰੀ ਉਹਦੇ 'ਤੇ,
ਉਹ ਖਿੜਨ ਤੋਂ ਪਹਿਲਾਂ ਮੁਰਝਾਈ ਵੇ
ਵੀਰਾ।।
ਦੂਜੇ ਦਿਨ ਖੰਡਰਾਤ ਦੇ ਵਿਚੋਂ,
ਉਹਦੀ ਲਾਸ਼ ਮੈ ਪਾਈ ਵੇ ਵੀਰਾ।।

ਘਰ ਮੇਰਾ ਉਨ੍ਹਾਂ ਸਾੜ ਸੀ ਦਿੱਤਾ,
ਸਭ ਸਮਾਨ ਉਨ੍ਹਾਂ ਮੇਰਾ ਲੁੱਟਿਆ।।
ਟੀ. ਵੀ.,ਗਹਿਣੇ ਚੁੱਕ ਕੇ ਲੈ ਗਏ,
ਬਾਕੀ ਉਨ੍ਹਾਂ ਨੇ ਅੱਗ ਵਿੱਚ ਸੁੱਟਿਆ।।
ਉਸ ਦਿਨ ਸਾਨੂੰ ਸਾਡੇ ਭਰਾਵਾਂ,

ਸਾਡੇ ਹੀ ਘਰ ਵਿੱਚ ਆ ਲੁੱਟਿਆ।।
ਸਦੀਆਂ ਤੋਂ ਜੋ ਸਾਂਝ ਪਈ ਸੀ,
ਉਸ ਦਿਨ ਸਾਡਾ ਰਿਸ਼ਤਾ ਟੁੱਟਿਆ।।

ਚਾਰ ਚੁਫੇਰੇ ਹਨੇਰ ਸੀ ਦਿੱਸਦਾ,
ਪਤਾ ਨਾ ਲੱਗੇ ਮੈ ਕਿਧਰ ਨੂੰ ਜਾਵਾਂ।।
ਪੱਪੂ ਦਾ ਜਦ ਖਿਆਲ ਆਇਆ ਤਾਂ,
ਬੱਸ ਨਿਕਲ ਗਈਆਂ ਮੇਰੀਆਂ ਧਾਹਾਂ।।

ਪੱਪੂ ਮੇਰਾ ਅੱਠ ਸਾਲ ਦਾ,
ਗੁਆਂਢੀਆਂ ਘਰ ਸੀ ਜਾ ਉਹ ਲੁਕਿਆ।।
ਸਭ ਕੁੱਛ ਉਸ ਨੇ ਅੱਖੀ ਡਿੱਠਾ,
ਪਰ ਨਾ ਕੁੱਛ ਉਹ ਕਰ ਸਕਿਆ।।

ਮੈ ਜਦੋਂ ਠਾਣੇ ਜਾ ਕੇ,
ਉਨ੍ਹਾਂ ਦੀ ਰਪਟ ਲਿਖਾਣੀ ਚਾਹੀਂ।।
ਠਾਣੇਦਾਰ ਮੈਨੂੰ ਹੱਸ ਕੇ ਕਹਿੰਦਾ,
'ਤੁਮ ਜਹਾਂ ਕਿਆ ਲੇਨੇ ਆਈ।।
ਜਾ ਕੇ ਬੁਲਾਓ ਆਪਣਾ 'ਗੋਬਿੰਦਾ',
ਜਾਂ ਫਿਰ ਵੋਹ 'ਭੀਡੀ ਵਾਲਾ' ਭਾਈ'।।
ਇਹ ਸੁਣ ਮੈ ਹੱਕੀ ਬੱਕੀ ਹੋ ਗਈ,
ਚੁੱਪ ਚਾਪ ਮੈ ਉਥੋਂ ਮੁੜ ਆਈ।।

ਜਦੋਂ ਕਿਸੇ ਗਾਂਧੀ ਕੋਲੋਂ ਪੁੱਛਿਆ,
ਕਹਿੰਦਾ ਇਸ ਵਿੱਚ ਕੀ ਅਚੰਭੇ।।
"ਵੱਡਾ ਦਰਖਤ ਜਦੋਂ ਕੋਈ ਡਿੱਗਦਾ,
ਧਰਤੀ ਬੱਸ ਥੋੜ੍ਹੀ ਜਿਹੀ ਕੰਬੇ।।"

ਨਾਲ ਲੈ ਕੇ ਪੱਪੂ ਨੂੰ ਆਪਣੇ,
ਫੇਰ ਮੈ ਕੈਂਪ ਵਿੱਚ ਆਈ ਵੇ ਵੀਰਾ।।
ਪਤਾ ਲੱਗਾ ਮੇਰਾ ਬਾਪੂ ਮਰ ਗਿਆ,



ਨਾਲੇ ਮੇਰੇ ਚਾਰੇ ਭਾਈ ਵੇ ਵੀਰਾ।।
ਮਾਂ ਮੇਰੀ ਸੀ ਕਮਲੀ ਹੋਈ,
ਨਾਲੇ ਵੱਡੀ ਭਰਜਾਈ ਵੇ ਵੀਰਾ।।
ਦੇਖੀ ਨਾ ਜਾਵੇ ਛੋਟੀ ਭਰਜਾਈ,
ਜੋ ਹਾਲੇ ਪਿਛਲੇ ਹਫਤੇ ਵਿਆਹੀ ਵੇ ਵੀਰਾ।।

ਕੀ ਹਾਲ ਤੈਨੂੰ ਕੈਂਪ ਦਾ ਦੱਸਾਂ,
ਕੋਈ ਨਾ ਹੋਵੇ ਉਥੇ ਸੁਣਾਈ।।
ਘਰ ਜਿਨ੍ਹਾਂ ਮੇਰੀ ਪੱਤ ਸੀ ਲੁੱਟੀ,
ਪ੍ਰਧਾਨ ਏਥੇ ਸੀ ਉਹੀਓ ਭਾਈ।।
ਬਹਿੰਦੇ ਕੋਲ ਜਿਹਦੇ ਨਾਲ ਐਸ਼ ਸੀ ਕੀਤੀ,
ਇਹ ਤਾਂ ਲੱਗਦੀ ਉਹੀਓ ਮਾਈ।।

ਥੋੜੇ ਦਿਨ ਕੈਂਪ ਬੰਦ ਕਰਕੇ,
ਸਾਨੂੰ ਉਨ੍ਹਾਂ ਬਾਹਰ ਕੱਢ ਦਿੱਤਾ।।
ਜਾਣ ਨੂੰ ਨਾ ਕੋਈ ਥਾਂ ਸੀ ਸਾਨੂੰ,
ਰੱਬ ਭਰੋਸੇ ਸਾਨੂੰ ਛੱਡ ਦਿੱਤਾ।।

ਜਿਥੇ ਗਈ ਮੈਂ, ਪੱਤ ਉਨ੍ਹਾਂ ਲੁੱਟੀ,
ਖ਼ੈਰ ਨਾ ਕਿਸੇ ਨੇ ਪਾਈ ਵੇ ਵੀਰਾ।।
ਠੂਠਾ ਫੜ ਕੇ ਮੰਗਣ ਤੁਰ ਪਈ,
ਸਿੱਖਾਂ ਦੇ ਘਰ ਜਾਈ ਵੇ ਵੀਰਾ।।
ਲੀਡਰ ਸਾਡੇ ਉਨ੍ਹਾਂ ਨਾਲੋਂ ਵੱਧਕੇ,
ਉਹ ਜਾਣ ਜੇਬਾਂ ਆਪਣੀਆਂ 'ਚ ਪਾਈ ਵੇ
ਵੀਰਾ।।

ਅੰਤ ਵਿੱਚ ਮੈਨੂੰ ਕੁੱਲੀ ਮਿਲ ਗਈ,
ਮੈਂ ਉਥੇ ਖਾਟ ਵਿਛਾਈ ਵੇ ਵੀਰਾ।।
ਜਦ ਜੀਅ ਕਰਦਾ ਉਹ ਗੁੰਡੇ ਆਉਂਦੇ,
'ਸਰਕਾਰੀ ਰਖੇਲ' ਮੈਂ ਸਦਵਾਈ ਵੇ ਵੀਰਾ।।
ਫੇਰ ਮੈਂ ਆਪਣੀ ਲਾਸ਼ ਵੇਚ ਕੇ,

ਕੁੱਛ ਆਪਣੀ ਉਮਰ ਲੰਘਾਈ ਵੇ ਵੀਰਾ॥
ਨਫਰਤ ਮੈਨੂੰ ਖੁਦ ਤੋਂ ਹੋਈ,
ਪਰ ਜਾਵੇ ਨਾ ਇਹ ਜਾਨ ਛੁਡਾਈ ਵੇ ਵੀਰਾ॥
ਪੱਪੂ ਭੀ ਮੈਨੂੰ ਨਫਰਤ ਕਰਦਾ,
ਜਾਵੇ ਨਾ ਉਹਦੇ ਨਾਲ ਅੱਖ ਮਿਲਾਈ ਵੇ ਵੀਰਾ॥

ਫਿਰ ਇੱਕ ਦਿਨ ਤੇਰੀ ਚਿੱਠੀ ਆਈ,
ਸੁਣਿਆ ਤੂੰ ਸਾਨੂੰ ਅਪਨਾਇਆ ਵੇ ਵੀਰਾ॥
ਦੇਖੀ ਹੁਣ ਕਿਤੇ ਛੱਡ ਨਾ ਜਾਵੀ,
ਅੱਗੇ ਦੁਨੀਆਂ ਬਹੁਤ ਸਤਾਇਆ ਵੇ ਵੀਰਾ॥
ਹੁਣ ਤਾਂ ਬੱਸ ਪਾਲਾਂ ਆਪਣੇ ਪੱਪੂ ਨੂੰ,
ਸਿਰਫ ਇਕ ਮਤਾ ਮੈ ਪਕਾਇਆ ਵੇ ਵੀਰਾ॥
ਉਹਦੇ ਪਿਉ, ਭੈਣ ਦੇ ਕਾਤਲ ਬਾਹਰ ਨੇ ਫਿਰਦੇ,
ਕਰਾਉਣਾ ਉਨ੍ਹਾਂ ਦਾ ਸਫਾਇਆ ਵੇ ਵੀਰਾ॥

ਜਦੋਂ ਤੱਕ ਜਿਉਂਦੇ ਕਿਸ਼ਨਾ ਤੇ ਰੰਮੂ,
ਇਹ ਭੈਣ ਤੇਰੀ ਭੀ ਜੀਏਗੀ ਵੀਰਾ॥
ਜਿਸ ਦਿਨ ਪੱਪੂ ਨੇ ਬਦਲਾ ਲੈ ਲਿਆ,
ਇਹ ਲਾਸ਼ ਭੀ ਜ਼ਹਿਰ ਪੀਏਗੀ ਵੀਰਾ॥

ਇਕ ਮੇਰੇ ਨਾਲ ਵਾਇਦਾ ਕਰ ਤੂੰ,
ਸਾਨੂੰ ਵਿੱਚ ਵਿਚਾਲੇ ਹੁਣ ਛੱਡ ਨਾ ਜਾਵੀ॥
ਜੇ ਤੂੰ ਸਾਡਾ ਹੱਥ ਫੜਿਆ ਤਾਂ,
ਤਾਂ ਇਸ ਨੂੰ ਹੁਣ ਤੂੰ ਤੋੜ ਨਿਭਾਵੀ॥

ਆਹ ਅੱਜ ਮੈ ਤੈਨੂੰ ਰੱਖੜੀ ਭੇਜਾਂ,
ਸੋਚ ਸਮਝ ਕੇ ਗੁੱਟ ਤੇ ਲਾਵੀ ਵੇ ਵੀਰਾ॥
ਜਦ ਕਿਤੇ ਤੂੰ ਵਤਨੀ ਆਇਆ,
ਇਸ ਭੈਣ ਨੂੰ ਮਿਲੇ ਬਿਨਾਂ ਨਾ ਜਾਵੀ ਵੇ ਵੀਰਾ॥

'ਭੱਜੀ' ਜੇ ਕਿਤੇ ਮੈ ਪਹਿਲਾਂ ਟੁਰ ਗਈ,



ਪੱਪੂ ਨੂੰ ਕੋਲ ਬੁਲਾਈ ਤੂੰ॥
ਹੋਰ ਤੈਥੋਂ ਕੁਛ ਨਾ ਮੰਗਾਂ,
ਪਰ ਇਹ ਮੇਰੀ ਮੰਗ ਨਾ ਠੁਕਰਾਈ ਤੂੰ॥



## 'ਮੈ ਸੁਣਿਆ'

ਮੈ ਸੁਣਿਆ,
ਤ੍ਰਿਲੋਕ ਪੁਰੀ ਵਿੱਚ,
ਲੋਕੀਂ ਹਾਲੇ ਭੀ,
ਆਰਾਮ ਨਾਲ ਨਾਂ ਸੌਂਦੇ ਨੇ।
ਜੇ ਕਿਸੇ ਦੀ,



ਅੱਖ ਹੈ ਲਗਦੀ,
ਭੈੜੇ ਸੁਪਨੇ ਆਉਂਦੇ ਨੇ।
ਕਦੀ ਚੀਖਾਂ,
ਮਾਰਕੇ ਉਠਦੇ ਨੇ,
ਤੇ ਕਦੀ ਸੁੱਤੇ,
ਬੁੜ ਬੜਾਉਂਦੇ ਨੇ।
ਮਰ ਗਿਆ ਤੱਬਾ,
ਸੜ ਗਿਆ ਰੱਬਾ,
ਉੱਚੀ ਰੌਲਾ ਪਾਉਂਦੇ ਨੇ।

ਕੋਈ ਕੁੜੀ,
ਕਿਤੇ ਰਾਤ ਨੂੰ ਉਠ ਕੇ,
ਲੀੜੇ ਲਾਹਕੇ ਭਜਦੀ ਹੈ।
ਕੋਈ ਵਿਧਵਾ,
ਵੇਚਕੇ ਇੱਜਤ,
ਆਪਣੇ ਤਨ ਨੂੰ ਕਜਦੀ ਹੈ।
ਕੋਈ ਮਾਂ,
ਆਪਣੀ ਕੁੱਖ ਵੇਚ ਕੇ,
ਢਿੱਡ ਕੁੱਖੋਂ ਜਾਇਆਂ ਦਾ ਭਰਦੀ ਹੈ।
ਜਿਊਂਦੀ ਹੈ ਬੱਸ,
ਉਹਨਾਂ ਲਈ ਉਹ,
ਪਰ ਖੁਦ ਨੂੰ ਨਫਰਤ ਕਰਦੀ ਹੈ।

ਕੋਈ ਬੁੱਢੜਾ,
ਟੁੱਟੇ ਲੱਕ ਨਾਲ,
ਹਾਲੇ ਭੀ ਉਥੇ ਜਿਉਂਦਾ ਹੈ।
ਮੌਤ ਦਿਉ,
ਰੱਬ ਮੈਨੂੰ ਮੇਰੀ ਡਗੋਰੀ,
ਸਭ ਅੱਗੇ ਤਰਲੇ ਪਾਉਂਦਾ ਹੈ।

ਆਪਣੀ ਉਹ,

ਜਿਊਂਦੀ ਲਾਸ਼ ਨੂੰ,
ਖੁਦ ਹੀ ਚੁਕੀ ਫਿਰਦਾ ਹੈ।
ਪਤਾ ਨਹੀਂ ਸਾਹ ਉਹਦੇ,
ਕਿਥੇ ਅਟਕੇ,
ਮਰ ਰਿਹਾ ਕਾਫੀ ਚਿਰ ਦਾ ਹੈ।

ਮੈ ਸੁਣਿਆ,
ਉਥੇ ਰਾਤਾਂ ਨੂੰ,
ਹਾਲੇ ਗੁੰਡੇ ਉਂਜ ਹੀ ਫਿਰਦੇ ਨੇ।
ਉਹਨਾਂ ਦੇ ਡਰ ਤੋਂ,
ਸਹਿਮੇ ਅਥਰੂ,
ਨਾ ਅੱਖਾਂ ਚੋਂ ਗਿਰਦੇ ਨੇ।
ਕੋਈ ਨਹੀਂ ਹੈ,
ਉਹਨਾਂ ਨੂੰ ਫੜਦਾ,
ਭਾਂਵੇ ਮੁਲ ਉਹਨਾਂ ਦੇ ਸਿਰ ਦੇ ਨੇ।



ਦੂਰ ਕਿਤੇ,
ਖੰਡਰਾਂ ਦੇ ਵਿਚੋਂ,
ਇਕ ਆਵਾਜ਼ ਚੀਖਾਂ ਦੀ ਆਉਂਦੀ ਹੈ।
ਬਖਸ਼ ਦੇਵੋ,
ਮੈਨੂੰ ਮੇਰੀ ਇੱਜ਼ਤ,
ਕੋਈ ਮੁਟਿਆਰ ਪਈ ਤਰਲੇ ਪਾਉਂਦੀ ਹੈ।

ਐਨੀ ਉੱਚੀ,
ਚੀਕ ਹੈ ਉਹਦੀ,
ਉਹ ਸੁੱਤੇ ਲੋਕ ਜਗਾਉਂਦੀ ਹੈ।
ਕੋਈ ਉਹਦੀ,
ਮਦਦ ਨਾਂ ਕਰਦਾ,
ਉਹ ਜਾਨ ਦੇਕੇ,
ਪੱਤ ਬਚਾਉਂਦੀ ਹੈ।

ਮੈ ਸੁਣਿਆ ਹੁਣ,
'ਭੱਜੀ' ਰੋਜ਼ ਰਾਤ ਨੂੰ,
ਉਹਦੀ ਰੂਹ ਉਥੇ ਆਉਦੀ ਹੈ।
"ਭਰਾਵੋ ਜਿਊਦੇ ਹੋ,
ਤਾਂ ਲਵੋ ਭੈਣ ਦਾ ਬਦਲਾ,"
ਉਹ ਹਰ ਸਿੱਖ ਨੂੰ ਲਾਹਨਤਾਂ ਪਾਉਦੀ ਹੈ।



# ਸੁੰਨੀਂ ਝਾਂਜਰ

ਕੰਨ ਮੇਰੇ ਤੇ ਠਾ ਆ ਵੱਜੀ,
ਜਦ ਢਾਬੇ ਬੈਠਾ ਚਾਹ ਮੈਂ ਪੀਆਂ॥
'ਢਿੱਡ ਪਾਲਣ ਲਈ ਪਿੰਡਾ ਵੇਚਣ,
ਸਿੱਖ ਕੌਮ ਦੀਆਂ ਮੰਦਭਾਗਣ ਧੀਆਂ।'

ਸੁਣਕੇ ਮੈਨੂੰ ਧੱਕਾ ਲਗਾ,
ਇਸ ਗੱਲ ਤੇ ਯਕੀਨ ਨਾ ਆਇਆ॥
ਅੱਖੀਂ ਦੇਖਣ ਮੈਂ ਤੁਰ ਪਿਆ,
ਜੋ ਉਹਨਾਂ ਮੈਨੂੰ ਪਤਾ ਬਤਾਇਆ॥

ਤ੍ਰਿਲੋਕ ਪੁਰੀ ਵਿੱਚ ਮੈਂ ਸੀ ਫਿਰਦਾ,
ਉਸ ਦਿਨ ਸੋਚਾਂ ਦੇ ਵਿੱਚ ਡੁਬਿਆ।।
ਇੰਜ ਜਾਪੇ ਮੈਨੂੰ ਖੁੰਗਾ ਲਗਾ,
ਪੈਰ ਮੇਰੇ ਕੁਝ ਖੁਬਿਆ।।

ਨਿਗਾਹ ਜਦ ਮੈਂ ਪੈਰਾਂ ਵੱਲ ਮਾਰੀ,
ਇਕ ਝਾਂਜਰ ਮੈਨੂੰ ਨਜ਼ਰੀ ਆਈ।।
ਸਾਬਤ ਸ਼ਕਲ ਉਹ ਪੂਰੀ ਦਿਸੇ,
ਜਦ ਮੈਂ ਉੱਤੋਂ ਮਿੱਟੀ ਲਾਹੀ।।

ਹੱਥ ਚੁਕ ਮੈਂ ਜਦ ਉਹਦੇ ਵੱਲ ਤੱਕਿਆ,
ਤੱਕ ਮੇਰੇ ਵਲ ਉਹ ਡਾਢੀ ਰੋਈ।।
"ਠੁਡੇ ਮੈਨੂੰ ਮਾਰੇ ਕਈਆਂ,
ਬਾਤ ਨਾ ਪੁਛੀ ਕਿਸੇ ਨੇ ਕੋਈ।।"
ਅੱਖੀਂ ਹੰਝੂ ਸਾਹ ਵਿਚ ਹਉਕੇ,
ਹੌਲੀ ਹੌਲੀ ਉਹ ਬੋਲੀ।।
ਡਰਦੀ ਡਰਦੀ ਸਹਿਮੀ ਸਹਿਮੀ,
ਆਪਣੀ ਉਸ ਕਹਾਣੀ ਫੋਲੀ।।

"ਮੈਂ ਤੇ ਮੇਰੀ ਜੋੜੀ ਭੈਣਾ,
'ਤਾਰੋ' ਨੇ ਸੀ ਪੈਰੀਂ ਪਾਈਆਂ।।
ਅੱਧ ਅਕਤੂਬਰ ਸਾਲ ਚੌਰਾਸੀ,
ਉਹਦੇ ਨਾਲ ਅਸੀਂ ਏਥੇ ਆਈਆਂ।।

ਨਿੱਕਾ ਜਿਹਾ ਇਕ ਘਰ ਸੀ ਉਹਦਾ,
ਜੋ ਉਸ ਰੀਝਾਂ ਨਾਲ ਸਜਾਇਆ।।
ਛਣ ਛਣ ਕਰਦੀ ਦਰਵਾਜ਼ਾ ਖੋਲ੍ਹੇ,
ਜਦ ਭੀ ਕੋਈ ਬੂਹੇ ਤੇ ਆਇਆ।।

ਹੱਥੀਂ ਉਹਦੇ ਮਹਿੰਦੀ ਲੱਗੀ,
ਹੋਏ ਨਹੀਂ ਸੀ ਚਾਅ ਹਾਲੇ ਪੂਰੇ।।



ਕਈ ਉਹਨੇ ਸੀ ਸੁਪਨੇ ਵੇਖੇ,
ਸਾਰੇ ਪਏ ਸੀ ਹਾਲੇ ਅਧੂਰੇ।।

"ਐਂਦੇ ਮੇਰੇ ਨੂੰ ਤਿਆਰ ਰਹੀਂ ਤੂੰ,
ਅੱਜ ਸ਼ਾਮ ਨੂੰ ਬਾਹਰ ਹੈ ਜਾਣਾ।।
ਨਾਲੇ ਤੈਨੂੰ ਸਿਨੇਮਾ ਲੈ ਜਾਊਂ,
ਅੱਜ ਸ਼ਾਮ ਨੂੰ ਬਾਹਰ ਹੈ ਖਾਣਾ।।"

ਸੱਜ ਧੱਜ ਕੇ ਉਹ ਸੀ ਬੈਠੀ,
ਆਪਣੇ ਸੱਜਣ ਦੀਆਂ ਵਿੱਚ ਉਡੀਕਾਂ।।
ਕਦੇ ਉਹ ਪਈ ਘੜੀ ਵੱਲ ਤੱਕੇ,
ਕਦੇ ਮਾਰੇ ਉਹ ਕੰਧਾਂ ਤੇ ਲੀਕਾਂ।।

ਕਿਲੇ ਉੱਤੇ ਹਾਲੇ ਸੀ ਟੰਗਿਆ,
ਉਹਦੇ ਸ਼ਗਨਾਂ ਵਾਲਾ ਕਲੀਰਾ।।
ਸਿਰ ਉੱਤੇ ਉਹਦੇ ਸ਼ਾਲੂ ਰੰਗਲਾ,
ਉਹਦੇ ਸ਼ਗਨਾਂ ਵਾਲਾ ਚੀਰਾ।।

ਪਾਏ ਸੀ ਉਸ ਨੇ ਗਹਿਣੇ ਗਟੇ,
ਬਾਂਹੀਂ ਉਹਦੇ ਚੂੜਾ ਸੂਹਾ।।
ਅੱਜ ਤਾਣੀ ਜਿਹੀ ਸੀ ਲਗੀ,
ਮੁੜ ਮੁੜ ਕੇ ਤੱਕਦੀ ਸੀ ਬੂਹਾ।।

ਵਧਦੀ ਸੀ ਘਬਰਾਹਟ ਉਹਨੂੰ,
ਗੁੰਮ ਸੀ ਉਹ ਖਿਆਲਾਂ ਵਿੱਚ ਖੋਈ।।
ਗੁਆਂਢਣ ਨੇ ਸੀ ਆ ਕੇ ਦੱਸਿਆ,
ਅੱਜ 'ਉਹਨਾਂ ਦੀ ਮਾਂ' ਸੀ ਮੋਈ।।

ਐਨੀ ਦੇਰ ਉਸ ਕਦੇ ਨਾ ਲਾਈ,
ਛੇਤੀ ਕੰਮ ਤੋਂ ਉਹ ਸੀ ਆਉਂਦਾ।
ਹਾਲੇ ਤੱਕ ਨਾ ਨਾਗਾ ਪਾਇਆ,

ਪੰਜ ਵਜੇ ਉਹ ਕੁੰਡਾ ਖੜਕਾਉਂਦਾ॥

ਤੱਕਕੇ ਉਸ ਨੂੰ ਸਮਝ ਨਾ ਆਈ,
ਇਹ ਸਾਰਾ ਹੈ ਕੀ ਝਮੇਲਾ।
ਬੰਦੇ ਸਭ ਸੀ ਜਾਣੇ ਪਛਾਣੇ,
ਸਭ ਤੋਂ ਅੱਗੇ ਸੀ ਚੌਧਰੀ 'ਬੇਲਾ'॥

ਫੜ ਲਵੋ ਕਹਿੰਦੇ 'ਪਿਆਰੇ' ਦੀ ਤਾਰੋ,
ਜਿਹਨੂੰ ਆਪਾਂ ਗੱਡੀ ਚਾੜਕੇ ਆਏ॥
ਘਰ ਇਹਦੇ ਨੂੰ ਅੱਗ ਲਾ ਦਿਉ,
ਜਿਵੇ ਆਪਾਂ ਉਹਨੂੰ ਸਾੜ ਕੇ ਆਏ॥

ਲੱਖਾਂ ਉਹਨੇ ਤਰਲੇ ਕੀਤੇ,
ਨਾ ਸੁਣੀ ਕਿਸੇ ਨੇ ਅਰਜੋਈ॥
ਚੂੰਡੀ ਚਪਟਾ ਧੱਕਾ ਮੁੱਕੇ,
ਖਾ ਖਾ ਕੇ ਹੋਈ ਅਧਮੋਈ॥



ਹੱਥਾਂ ਵਿੱਚ ਤਿਰਸ਼ੂਲ ਉਹਨਾਂ ਦੇ,
ਰਲ ਕੇ ਉਹਨਾਂ ਪਾਇਆ ਘੇਰਾ॥
ਇੰਜ ਜਾਪੇ ਕਈ ਬਾਜਾਂ ਦੇ ਪੰਜੇ,
ਕਾਬੂ ਆਇਆ ਇਕ ਬਟੇਰਾ॥

ਇਕ ਪਾਸੇ ਬੇਹੜੀ ਵੇਹਲ ਪਾ ਕੇ,
ਰੌਲਾ ਪਾਉਂਦੀ ਉਹ ਭੱਜੀ॥
ਭੱਜਦੀ ਦੇ ਉਹਦੇ ਲੀੜੇ ਲਾਹੇ,
ਪੱਤ ਵੀ ਨਾ ਗੀ ਉਹਤੋਂ ਕੱਜੀ॥

ਇੰਜ ਲਗਾ ਇਕ ਹਿਰਨੀ ਪਿੱਛੇ,
ਲਗਾ ਜੰਗਲੀ ਕੁਤਿਆਂ ਦਾ ਟੋਲਾ॥
ਭੂੰਕ ਭੂੰਕ ਕੇ ਉਹ ਪੈੜ ਨੂੰ ਬੋਚਣ,
ਲੱਭੇ ਨਾ ਉਹਨੂੰ ਕਾਸੇ ਦਾ ਓਲਾ॥

ਏਸ ਹੀ ਭੱਜ ਦੌੜ ਦੇ ਅੰਦਰ,
ਮੈਂ ਉਹਦੇ ਪੈਰਾਂ 'ਚੋਂ ਲਹਿ ਗਈ।।
ਮੇਰੀ ਭੈਣ ਵਿਛੜ ਗਈ ਮੈਥੋਂ,
ਜੋ ਉਹਦੇ ਦੂਜੇ ਪੈਰ ਤੇ ਰਹਿ ਗਈ।।

ਏਨੇ ਨੂੰ ਤਿਰਸ਼ੂਲਾਂ ਵਾਲੇ,
ਏਥੋਂ ਉਹਨੂੰ ਚੁੱਕ ਕੇ ਲੈ ਗਏ।।
" ਆ ਜਾਨੀ ਸੁਹਾਗਰਾਤ ਮਨਾਈਏ,
ਜਾਂਦੇ ਜਾਂਦੇ ਉਹ ਕਹਿ ਗਏ।।"

ਫੇਰ ਕਈ ਦਿਨ ਮੈਂ ਇਹ ਤਕਿਆ,
ਨਿਤ ਗੁੰਡਿਆਂ ਦੇ ਟੋਲੇ ਆਉਂਦੇ।।
ਸਿੱਖਾਂ ਨੂੰ ਜਿਉਂਦੇ ਜਲਾ ਕੇ,
ਧੀਆਂ ਭੈਣਾਂ ਨਾਲ ਮਨ ਪਰਚਾਉਂਦੇ।।
ਨਾਲ ਉਹਨਾਂ ਦੇ ਮੈਂ ਸੀ ਤੱਕੇ,
ਸਾਡੇ ਇਸ ਵਤਨ ਦੇ ਰਾਖੇ।।
ਰਾਜਾ ਹੀ ਜਦ ਬਣ ਜਾਵੇ ਵੈਰੀ,
ਹੋਰ ਕਿਸੇ ਨੂੰ ਕੀ ਕੋਈ ਆਖੇ।।

ਪੱਤ ਲੁੱਟਣ ਦੇ ਪਿਛੋ ਕਈਆਂ,
ਆਪਣੇ ਹੱਥੀਂ ਜਾਨ ਗੁਆਈ।।
ਕਈਆਂ ਨੇ ਢਿਡ ਭਰਨੇ ਖਾਤਿਰ,
ਆਪਣੇ ਕੁਲ ਦੀ ਸ਼ਾਨ ਗੁਆਈ।

ਉਸ ਦਿਨ ਤੋਂ ਲੈ ਕੇ ਅੱਜ ਤਾਈਂ,
ਮੈਂ ਉਹਨੂੰ ਏਥੇ ਪਈ ਉਡੀਕਾਂ।।
ਔਸੀਆਂ ਪਾ ਪਾ ਕੇ ਮੈਂ ਹਾਂ ਥੱਕੀ,
ਥੱਕ ਗਈ ਮੈਂ ਪਾ ਪਾ ਲੀਕਾਂ।।

ਸੁਣ ਕੇ ਉਹਦੀ ਦਰਦ ਕਹਾਣੀ,
ਮੈਂ ਆਪਣੇ ਉਹਨੂੰ ਦਿਲ ਨਾਲ ਲਾਇਆ।।



ਉਹ ਤਾਂ ਰੋਂਡ ਕੇ ਚੁੱਪ ਹੋ ਗਈ,
ਮੈਂ ਆਪਣੇ ਦਿਲ ਦਾ ਚੈਨ ਗਵਾਇਆ।।

ਏਨੇ ਨੂੰ ਮੇਰੇ ਕੋਲੋਂ,
ਇਕ ਬਜਾਰੂ ਔਰਤ ਲੰਘੀ।।
ਸ਼ਰੇਆਮ ਉਹ ਕਰੇ ਪਈ ਸੌਦਾ,
ਮੇਰੇ ਕੋਲੋਂ ਭੀ ਨਾ ਸੰਗੀ।।

ਖਿਆਲਾਂ ਦੇ ਵਿੱਚ ਗੁੰਮ ਸੁੰਮ ਹੋਇਆ,
ਮੈਂ ਦਰਿਆ ਦੇ ਕੰਢੇ ਆਇਆ।।
ਉਥੇ ਸੰਘਣੀਆਂ ਝਾੜਾਂ ਅੰਦਰ,
ਇਕ ਆਦਮ ਢਾਂਚਾ ਨਜ਼ਰੀ ਆਇਆ।।

ਨੇੜੇ ਜਾ ਕੇ ਜਦ ਮੈਂ ਤਕਿਆ,
ਅੰਨ੍ਹਾ ਹੋ ਕੇ ਹੋਸ਼ ਸੰਭਾਲੀ।।
'ਭੈਣੀ' ਇਕ ਪੈਰ ਸੀ ਝਾਂਜਰ ਉਹਦੇ,
ਦੂਜਾ ਪੈਰ ਪਿਆ ਸੀ ਖਾਲੀ।।



## ਸੁਨੇਹੜੇ ਸਤਵੰਤ ਦੇ

ਖੁਸ਼ੀ ਵੱਸ ਤੂੰ ਮੇਰੀ ਅੰਮੜੀ,
ਮੇਰੇ ਪਿਛੋਂ ਕਦੇ ਨਾ ਰੋਣਾਂ||
ਮੈ ਚੱਲਿਆਂ ਹਾਂ ਉਥੇ ਮਾਤਾ,
ਜਿਥੋਂ ਮੁੜ ਕਦੇ ਨਾ ਆਉਣਾ||
ਹੋਰ ਕਈ ਮਾਵਾਂ ਦੇ ਵਾਂਗੂੰ,
ਤੂੰ ਭੀ ਘੁੱਟ ਸਬਰ ਦੇ ਭਰ ਲਈ ਮਾਤਾ||



ਜਦ ਕਿਤੇ ਆਵੇ ਮੇਰਾ ਚੇਤਾ,
ਬੱਸ ਠੰਡਾ ਹਾਉਕਾ ਭਰ ਲਈ ਮਾਤਾ||

ਬਾਪੂ ਕਾਫੀ ਦੁੱਖ ਮੈ ਤੈਨੂੰ ਦਿੱਤਾ,
ਇਸ ਦੀ ਤੇਥੋਂ ਚਾਹੁੰਦਾ ਮਾਫੀ||
ਇਕ ਸ਼ਹੀਦ ਦਾ ਬਾਪ ਅਖਵਾਈ,
ਏਵੇਂ ਸ਼ਾਇਦ ਤੇਰੇ ਲਈ ਕਾਫੀ||
ਪੱਗ ਤੇਰੀ ਦੀ ਖਾਤਿਰ ਲੜਿਆ,
ਨਹੀਂ ਲਾਹ ਲੈਂਦੀ ਸੀ ਤੇਰੇ ਸਿਰ ਤੋਂ ਸਾਫੀ||

ਹੁਣ ਤੂੰ ਮੇਰੀ ਵਿਦੋ ਰਾਣੀ,
ਬੜਾ ਤੂੰ ਪਿਆਰ ਮੇਰੇ ਨਾਲ ਪਾਇਆ||
ਅੜੀ ਰਹੀ ਤੂੰ ਆਪਣੀ ਜਿੱਦ ਤੇ,
ਲੱਖਾਂ ਤੈਨੂੰ ਬਹੁਤ ਸਮਝਾਇਆ||
ਕਿਹੋ ਜਿਹਾ ਵਿਆਹ ਸੀ ਆਪਣਾ,
ਲਾੜਾ ਖੁਦ ਨਾ ਬਰਾਤੇ ਆਇਆ||
ਨਾ ਕੋਈ ਸੰਗੀ ਸਾਥੀ ਸੱਦੇ,
ਨਾ ਕਿਸੇ ਨੇ ਭੰਗੜਾ ਪਾਇਆ||
ਵੈਰ ਜਾਣਿਆਂ ਖੱਸ ਇੱਕਠੇ ਹੋ ਕੇ,
ਲੜ ਤੈਨੂੰ ਮੇਰੀ ਫੋਟੋ ਦੇ ਲਾਇਆ||
ਜੋ ਸੋਹਣੇ ਤੂੰ ਖ਼ਾਬ ਸੀ ਦੇਖੇ,
ਉਨ੍ਹਾਂ ਨੂੰ ਮਿੱਟੀ ਵਿੱਚ ਮਿਲਾਇਆ||
ਕੈਸੀ ਤੇਰੀ ਸੁਹਾਗ ਰਾਤ ਸੀ,
ਤੇਰਾ ਪਤੀ ਨਾ ਸੇਜ ਤੇ ਆਇਆ||
ਨਾ ਤੈਨੂੰ ਮਿਲੀ ਘੁੰਡ ਚੁਕਾਈ,
ਨਾ ਕਿਸੇ ਤੈਨੂੰ ਹੱਥ ਹੀ ਲਾਇਆ||
ਧੰਨ ਤੇਰੀ ਕੁਰਬਾਨੀ ਰਾਣੀ,
ਅਨੋਖਾ ਤੂੰ ਹੈ ਪਿਆਰ ਨਿਭਾਇਆ||
ਮੈ ਹਾਂ ਇੱਕ ਜੰਗਲੀ ਪੰਛੀ,
ਬਸ ਪਿੰਜਰਾ ਤੋੜ ਮੈ ਉਡ ਹੈ ਜਾਣਾ||
ਤੇਰੇ ਬਾਗ ਹੁਣ ਤੈਨੂੰ ਮੁਬਾਰਕ,

ਮੈ ਇੰਨੀ ਬਾਗੀ ਫਿਰ ਕਦੀ ਨਾ ਆਣਾ॥
ਕੂਕੇਗੀ ਇੱਕ ਕੋਇਲ ਦੇ ਵਾਂਗੂੰ,
ਤੇਰੇ ਕਾਂ ਨੇ ਪ੍ਰਦੇਸ਼ ਟੂਰ ਜਾਣਾ॥
ਛਿੰਦੇ ਤੇਰਾ ਰੱਬ ਰਾਖਾ,
ਮੰਨ ਲਵੀ ਤੂੰ ਰੱਬ ਦਾ ਭਾਣਾ॥

ਸੁਣ ਮੇਰੇ ਤੂੰ ਛੋਟੇ ਭਾਈ,
ਬਾਂਹ ਤੇਰੀ ਕਲ ਟੁੱਟ ਹੈ ਜਾਣੀ॥
ਚਲੇ ਜਾਣਾ ਅਸੀਂ ਇਸ ਦੁਨੀਆਂ ਤੋਂ,
ਰਹਿ ਜਾਵੇਗੀ ਇਕ ਕਹਾਣੀ॥
ਟੱਬਰ ਲਈ ਜੋ ਫਰਜ਼ ਸੀ ਮੇਰਾ,
ਉਹ ਜ਼ਿੰਮੇਵਾਰੀ ਹੁਣ ਤੂੰ ਨਿਭਾਣੀ॥

ਤੁਹਾਡੀ ਮੈਨੂੰ ਰੱਖੜੀ ਮਿਲ ਗਈ,
ਜੋ ਕਲ ਡਾਕ ਵਿੱਚ ਆਈ ਨੀ ਭੈਣੋਂ॥
ਗੁੱਟ 'ਤੇ ਬੰਨਣ ਤੋਂ ਪਹਿਲਾਂ,
ਮੈ ਚੁੰਮ ਅੱਖਾਂ ਨਾਲ ਲਾਈ ਨੀ ਭੈਣੋਂ॥
ਤੁਹਾਨੂੰ ਪਤਾ ਇਹ ਆਖਰੀ ਰੱਖੜੀ,
ਤਾਹੀਓ ਰੀਝ ਨਾਲ ਬਣਾਈ ਨੀ ਭੈਣੋਂ॥

ਅਗਲੇ ਸਾਲ ਜਦ ਰੱਖੜੀ ਆਵੇ,
ਨਾ ਮੈਨੂੰ ਰੱਖੜੀ ਪਾਇਓ ਨੀ ਭੈਣੋ॥
ਮੈ ਤੁਹਾਡੇ ਘਰੀ ਕਦੇ ਨਾ ਆਉਣਾ,
ਨਾ ਐਵੇ ਕਾਂਗ ਉਡਾਇਓ ਨੀ ਭੈਣੋ॥
ਸਬਰ ਦੇ ਘੁੱਟ ਭਰ ਜੀਅ ਲੈਣਾ,
ਨਾ ਐਵੇ ਨੀਰ ਬਹਾਇਓ ਨੀ ਭੈਣੋ॥

ਸੁਣੋ ਮੇਰੇ ਹਮਵਤਨੋ ਯਾਰੋ,
ਵੇਲਾ ਨਹੀਂ ਐਵੇ ਵਕਤ ਗੁਵਾਉਣ ਦਾ॥
ਵੇਲਾ ਨਾ ਇਸ਼ਕ ਦੇ ਗੀਤ ਲਿਖਣ ਦਾ,



ਨਾ ਵੇਲਾ ਢੋਲੇ ਮਾਹੀਏ ਗਾਉਣ ਦਾ॥
ਵੇਲਾ ਨਾ ਹੱਥ ਧਰਕੇ ਬਹਿਣ ਦਾ,
ਨਾ ਵੇਲਾ ਇੱਕਲੇ ਬਹਿ ਕੇ ਰੋਂਣ ਦਾ॥

ਪਿੱਛਲੇ ਸਾਰੇ ਫਰਕ ਮਿਟਾ ਕੇ,
ਇਹ ਵੇਲਾ ਹੁਣ ਇੱਕਠੇ ਹੋਣ ਦਾ॥
ਹੁਣ ਤੇ ਜਾਗੋ ਸੁਤਿਓ ਸ਼ੇਰ,
ਵੇਲਾ ਨਹੀਂ ਏ ਹੁਣ ਸੌਣ ਦਾ॥
ਹੱਕ ਜੋ ਜ਼ਾਲਮ ਨੱਪੀ ਬੈਠਾ,
ਵੇਲਾ ਹੁਣ ਏ ਹੱਕ ਖੋਹਣ ਦਾ॥
ਇੱਕਠੇ ਹੋ ਕੇ ਬੈਠੋ ਯਾਰੋ,
ਵਾਸਤਾ ਤੁਹਾਨੂੰ ਮੇਰੀਆਂ ਕਸਮਾਂ ਦਾ॥
'ਭੱਜੀ' ਲੱਭੋ ਕੋਈ ਇਲਾਜ ਤੁਸੀਂ ਰਲ ਕੇ,
ਦਿਲ ਉੱਤੇ ਲੱਗੇ ਜ਼ਖਮਾਂ ਦਾ॥



## ਫਾਂਸੀ

ਉਨਾਨਵੇਂ ਸਾਲ ਦੇ ਪਹਿਲੇ ਹਫਤੇ,
ਦਿਨ ਕਹਿਰਾਂ ਦਾ ਆਇਆ॥
ਕੇਹਰ 'ਸਤਵੰਤ' ਨੂੰ ਅੱਜ ਜ਼ਾਲਮਾਂ।
ਫਾਂਸੀ ਉਤੇ ਲਾਇਆ॥
ਤਿਹਾੜ ਜੇਲ੍ਹ ਉਤੇ ਉਸ ਰਾਤ ਨੂੰ,
ਇਕ ਬਾਜ਼ ਮੰਡਰਾਇਆ॥



ਅੱਖੀ ਡਿੱਠਾ ਹਾਲ ਉਸਨੇ,
ਬਾਹਰ ਆਣ ਸੁਣਾਇਆ॥

ਛੇ ਤਾਰੀਖ ਨੂੰ ਤੜਕਸਾਰ ਹੀ,
ਜਲਾਂਦਾਂ ਨੇ ਆਣ ਜਗਾਇਆ॥
ਖੜ੍ਹੀ ਦੇਖ ਮੌਤ ਬੂਹੇ ਤੇ,
ਕੋਈ ਨਾਂ ਘਬਰਾਇਆ॥

ਗੱਜਕੇ ਦੋਹਾਂ ਫਤਿਹ ਬੁਲਾਈ,
ਉਹਨਾਂ ਜਦ ਕੁੰਡਾ ਖੜਕਾਇਆ॥
ਇਸ਼ਨਾਨ ਕਰਕੇ ਦੋਹਾਂ ਸਿੰਘਾਂ,
ਜਪੁਜੀ ਸਾਹਿਬ ਦਾ ਪਾਠ ਮੁਕਾਇਆ॥

ਏਨੇ ਨੂੰ ਆ ਜਲਾਂਦਾਂ,
ਉਹਨਾਂ ਨੂੰ ਘੇਰਾ ਪਾਇਆ॥
ਹੱਥ ਉਹਨਾਂ ਦੇ ਪਿਛੇ ਬੰਨਕੇ,
ਪੈਰੀ ਮੋਟਾ ਸੰਗਲ ਪਾਇਆ॥

ਬੰਦ ਕਰਕੇ ਸਾਰੀ ਜ਼ੇਲ੍ਹ ਦੇ ਬੂਹੇ,
ਬਾਹਰ ਉਹਨਾਂ ਨੂੰ ਲਿਆਇਆ॥
ਹੌਲੀ ਹੌਲੀ ਚਲਕੇ ਉਹਨਾਂ,
ਉਹ ਖੋਹੜਾ ਸਫਰ ਮੁਕਾਇਆ॥
ਤਖਤੇ ਦੇ ਉਤੇ ਚੜ੍ਹਕੇ,
ਕੇਹਰ, ਸਤਵੰਤ ਨੂੰ ਵੇਖ ਮੁਸਕਾਇਆ॥

ਉਹਨਾਂ 'ਬੋਲੇ ਸੋ ਨਿਹਾਲ' ਬੋਲਿਆ,
ਕੋਈ ਜੁਆਬ ਨਾ ਆਇਆ॥
ਪਰ ਦੁਨੀਆ ਦਾ ਹਰ ਗੁਰਦੁਆਰਾ,
ਉਹਨਾਂ ਜੈਕਾਰਿਆ ਨਾਲ ਗੂੰਜਾਇਆ॥

ਐਨੇ ਨੂੰ ਦੋਹਾਂ ਜਲਾਂਦਾਂ ਆ ਕੇ,

ਉਹਨਾਂ ਤੇ ਟੋਪਾ ਪਾਇਆ॥
ਇਕ ਦੇ ਕਾਲੂ ਦੂਜੇ ਫਕੀਰੇ,
ਗੱਲ ਵਿੱਚ ਰੱਸਾ ਪਾਇਆ॥

ਠੀਕ ਅੱਠ ਵਜੇ ਜਦੋਂ ਸਵੇਰੇ,
ਜ਼ੇਲਰ ਨੇ ਰੁਮਾਲ ਹਿਲਾਇਆ॥
ਇਸ਼ਾਰਾ ਪਾ ਕੇ ਦੋਹਾਂ ਜਲਾਂਦਾਂ,
ਕਾਂਟੇ ਨੂੰ ਉਲਟਾਇਆ॥

'ਠੱਕ' ਕਰਕੇ ਦਰਵਾਜ਼ਾ ਖੁੱਲ੍ਹਾ,
ਉਨ੍ਹਾਂ ਧੌਣਾਂ ਨੂੰ ਝਟਕਾਇਆ॥
ਰੂਹ ਗਈ ਉਦੋਂ ਮਾਰ ਉਡਾਰੀ,
ਫੇਰ ਲੋਥਾਂ ਨੂੰ ਲਟਕਾਇਆ॥

ਮਰਨਾਂ ਉਹਨਾਂ ਕਬੂਲ ਕਰ ਲਿਆ,
ਪਰ ਸਿੱਖੀ ਦਾਗ ਨਾਂ ਲਾਇਆ॥
ਇਸ ਤਰ੍ਹਾਂ ਸਿੱਖ ਕੌਮ ਦੇ ਵੀਰਾਂ,
ਆਪਣਾ ਸਫਰ ਮੁਕਾਇਆ॥

'ਮਿੱਟੀ ਭੀ ਨਾਂ ਦਿੱਤੀ ਵਾਰਸਾਂ ਨੂੰ,
ਨਾਂ ਅਖੀਰੀ ਦਰਸ਼ਨ ਕਰਾਇਆ॥
ਝਟਪੱਟ ਚਿੱਖਾ ਜਲਾ ਕੇ ਅੰਦਰ,
ਉਥੇ ਉਹਨਾਂ ਨੂੰ ਜਲਾਇਆ॥

ਸਾਰਾ ਕੰਮ ਉਹਨਾਂ ਫੁਰਤੀ ਨਾਲ ਕੀਤਾ,
ਬਾਹਰ ਧੂੰਆਂ ਭੀ ਨਾਂ ਆਇਆ॥
ਕੀਰਤ ਪੁਰ ਦੇ ਵਾਸੀ ਸੀ ਉਹ,
ਇਹਨਾਂ ਹਰਦੁਆਰ ਜਾ ਬਿਠਾਇਆ॥

ਸਾਰੀ ਲੋਕਾਈ ਮੈ ਰੋਂਦੀ ਤੱਕੀ,
ਪਰ ਇਕ ਜ਼ਾਲਮ ਮੁਸਕਾਇਆ॥



ਸਿੱਖਾਂ ਦੇ ਕਾਤਲ ਜਿਨ੍ਹ ਬਚਾਏ,
ਇਹਨਾਂ ਨੂੰ ਫਾਹੇ ਲਾਇਆ॥

ਸੁਟਕੇ ਗੱਲ ਬਾਜ਼ ਤੋਂ ਸਾਰੀ,
ਚਿੜੀਆਂ ਨੇ ਕੁਰਲਾਇਆ॥
'ਭੱਜੀ' ਝੂਠੇ ਲੋਕਾਂ ਕੇ ਇੱਕਠੇ ਹੋ,
ਅੱਜ ਸੱਚ ਨੂੰ ਫਾਹੇ ਲਾਇਆ॥

## ਸਿਰਤਾਜ--ਏ-ਕੌਮ

ਸਿਰਤਾਜ-ਏ-ਕੌਮ, ਸਤਵੰਤ ਮੈ ਤੈਨੂੰ,
ਅੱਜ ਆਪਣਾ ਸੀਸ ਨਿਵਾਉਦਾ ਹਾਂ॥
ਇਹ ਸੀਸ ਜੋ, ਸਿਰਫ ਗੁਰਾਂ ਅੱਗੇ ਝੁੱਕਿਆ,
ਅੱਜ ਤੈਨੂੰ ਭੀ ਝੁਕਾਉਦਾ ਹਾਂ॥

ਕਿਉ ਅੱਜ ਸਿਖਰ ਦੁਪਿਹਰੇ ਛਾਈ,
ਨੀਲੇ ਅੰਬਰਾਂ ਉਤੇ ਲਾਲੀ॥
ਚੜ੍ਹਦਾ ਸੂਰਜ ਅੱਜ ਛਾਹ ਵੇਲੇ ਡੁੱਬਾ,
ਪ੍ਰਛਾਵਾਂ ਨਹੀਂ ਸੀ ਢਲਿਆ ਹਾਲੀ॥



ਐਨ੍ਹੀ ਛੇਤੀ, ਕਿਉ ਬੁੱਝ ਗਿਆ ਦੀਵਾ,
ਤੇਲ ਨਾਲ ਸੀ ਭਰਿਆ ਹਾਲੀ॥

ਅੱਜ ਕਿਉ ਮੈਨੂੰ, ਪਈ ਦਿੱਸਦੀ ਏ,
ਤਿਹਾੜ੍ਹ ਜੇਲ੍ਹ ਦੀ ਕੋਠੜੀ ਖਾਲੀ॥
ਕੁੱਛ ਦੇਰ ਤਾਂ, ਅਟਕ ਜਾਂਦਾ ਯਾਰਾ,
ਕਾਹਦੀ ਸੀ ਤੈਨੂੰ ਐਨ੍ਹੀ ਕਾਹਲੀ॥
ਮਾਂ ਤੇਰੀ ਨਾਂ, ਸ਼ਗਨ ਮਨਾਏ,
ਉਡੀਕ ਰਹੀ ਤੇਰੇ ਚੂੜੇ ਵਾਲੀ॥
ਮਹਿੰਦੀ ਨਾਂ ਹਾਲੇ ਉਹਦੀ ਉਤਰੀ,
ਨਾਂ ਲਾਹੇ ਉਸ ਕਲੀਰੇ ਹਾਲੀਂ॥

ਜਦ ਭੀ ਚੇਤਾ ਤੇਰਾ ਆਉਦਾ,
ਅੱਖਾਂ ਚੋਂ ਨੀਰ ਮੇਰੇ ਡੁੱਲ੍ਹ ਡੁੱਲ੍ਹ ਜਾਵੇ।.
ਕੀ ਹਾਲ ਹੋਊ ਤੇਰੇ ਟੱਬਰ ਦਾ,
ਇਹ ਸੋਚ ਮੇਰਾ ਦਿਲ ਘਬਰਾਵੇ॥

ਪਿਆਰ ਕੌਰ ਹੋ ਗਈ, ਪਿਆਰ ਤੋਂ ਖਾਲੀ,
ਪਿਆਰ ਉਹਦਾ ਤਾਂ ਸਾਰਾ ਮੁੱਕ ਗਿਆ॥
ਨੈਣ ਉਹਦੇ ਨੇ, ਬਿਲਕੁਲ ਸੱਖਣੇ,
ਨੀਰ ਉਨ੍ਹਾਂ ਦਾ ਸਾਰਾ ਸੁੱਕ ਗਿਆ॥
ਤਿਰਲੋਕ ਸਿੰਘ ਦੇ, ਤਿੰਨੇ ਲੋਕ ਤੂੰ,
ਜਾਂਦਾ ਜਾਂਦਾ ਲੁੱਟ ਕੇ ਲੈ ਗਿਆ॥
ਭਰਾ ਤੇਰੇ ਤੈਨੂੰ, ਪਏ ਉਡੀਕਣ,
ਜਾਣ ਲੱਗਾ ਤੂੰ ਕੁਛ ਨਾਂ ਕਹਿ ਗਿਆ॥

ਦੇਖ ਨਾਂ ਹੋਵਣ, ਤੇਰੀਆਂ ਭੈਣਾਂ,
ਤੇਰੀ ਛੋਟੀ ਭੈਣ ਪਈ ਕੁਰਲਾਵੇ॥
ਹੈ ਕੋਈ ਐਸਾ, ਇਸ ਦੁਨੀਆਂ ਤੇ,
ਵੀਰ ਜੋ ਮੇਰਾ ਮੋੜ ਲਿਆਵੇ॥
ਉਥੇ ਗਿਆ, ਮੁੜਿਆ ਨਾ ਕੋਈ

ਇਹ ਉਹਨੂੰ ਕੌਣ ਸਮਝਾਵੇ॥
ਉਹਦਾ ਘਾਟਾ ਨਾ, ਪੂਰਾ ਹੋਣਾ ਭੈਣਾ,
ਲੱਖਾਂ ਵੀਰ ਅੱਜ ਤੁਸਾਂ ਨੇ ਪਾਏ॥
ਸਿੱਖ ਕੌਮ ਦਾ, ਹਰ ਇਕ ਬੱਚਾ,
ਅੱਜ ਤੁਹਾਡਾ ਵੀਰ ਸਦਵਾਏ॥
ਲੱਖਾਂ ਬਾਹਾਂ, ਅੱਗੇ ਆਉਣਗੀਆਂ,
ਹੁਣ ਜਦ ਰੱਖੜੀ ਦਾ ਦਿਨ ਆਵੇ॥

ਊਧਮ, ਭਗਤ, ਸਰਾਭੇ ਵਾਂਗੂੰ,
ਉਚੇ ਪੱਧਰ ਤੇ ਅੱਜ ਤੂੰ ਖੜ੍ਹਿਆ॥
ਲੱਖਾਂ ਇਨ੍ਹਾਂ, ਸਿੱਖ ਨੇ ਮਾਰੇ,
ਪਰ ਪਹਿਲਾਂ ਅੱਜ ਫਾਂਸੀ ਤੂੰ ਚੜ੍ਹਿਆ॥
ਉਸ ਵੇਲੇ ਤਾਂ, ਅਸੀਂ ਸੀ ਕਹਿੰਦੇ,
ਕੀ 'ਗੈਰਾਂ' ਨੇ ਉਨ੍ਹਾਂ ਨੂੰ ਫਾਹੇ ਲਾਇਆ॥
ਪਰ ਅੱਜ ਤਾਂ ਸੱਜਣਾਂ ਤੈਨੂੰ ਏਥੇ,
ਰਲ ਆਪਣਿਆਂ ਹੀ ਫਾਂਸੀ ਲਟਕਾਇਆ॥

ਦੂਰੋ ਦੂਰੋਂ, ਲੋਕੀਂ ਚੱਲਕੇ,
ਤੇਰੇ ਘਰ ਨੂੰ ਦੇਖਣ ਆਉਣਗੇ।.
ਚੁੱਕ ਕੇ ਤੇਰੇ ਪਿੰਡ ਦੀ, ਜੂਹ ਦੀ ਮਿੱਟੀ,
ਮੱਥੇ ਲਾ ਤੈਨੂੰ ਸਿੱਜਦੇ ਹੋਣਗੇ॥
ਜਿਥੇ ਭੀ ਪਾਈ, ਤੇਰੀ ਮਿੱਟੀ,
ਲੱਖਾਂ ਸਤਵੰਤ ਉਥੇ ਪੈਦਾ ਹੋਣਗੇ॥
ਜਦ ਭੀ ਆਈ ਬਰਸੀ ਤੇਰੀ,
ਹਰ ਸਾਲ ਉਥੇ ਮੇਲੇ ਲਾਉਣਗੇ॥
ਸੁਣਨ ਨਾ ਭਾਂਵੇ, ਸ਼ਾਇਦ ਉਹ ਤੈਨੂੰ,
'ਭੱਜੀ' ਸੁੱਖਾ ਸਿੰਘ ਮਹਿਤਾਬ ਦੇ ਮਗਰੋਂ,
ਬੇਅੰਤ, ਸਤਵੰਤ ਹਰ ਜ਼ੁਬਾਨ ਤੇ ਹੋਣਗੇ।





'ਸ: ਸਤਵੰਤ ਸਿੰਘ ਅਤੇ ਸ: ਕੇਹਰ ਸਿੰਘ
ਦੀ ਸ਼ਹਾਦਤ ਉਤੇ ਵਿਸ਼ੇਸ਼ ਸ਼ਰਧਾਂਜਲੀ'

## ਸ਼ਰਧਾਂਜਲੀ

'ਸਤਵੰਤ' 'ਕੇਹਰ', ਮੈਂ ਅੱਜ ਤੁਹਾਨੂੰ,
ਸ਼ਰਧਾਂ ਦੇ ਫੁੱਲ ਚੜ੍ਹਾਉਦਾ ਹਾਂ॥
ਸਮੁੰਦਰੋਂ ਪਾਰ, ਭਾਂਵੇ ਅੱਜ ਬੈਠਾ,
ਪਰ ਤੁਹਾਡੇ ਟੱਬਰਾਂ ਦਾ ਦਰਦ ਵੰਡਾਉਦਾ ਹਾਂ॥

ਖਾਲਿਸਤਾਨ ਦੀ, ਨੀਂਹ ਦੇ ਅੰਦਰ,
ਆਪਣੇ ਹੱਡਾਂ ਦਾ ਚੂਨਾ ਤੁਸਾਂ ਪਾਇਆ॥
ਅਕਾਲ ਤਖਤ ਦਾ, ਲਿਬੜਿਆ ਗੁੰਬਦ,
ਆਪਣੇ ਖੂੰਨ ਨਾਲ ਤੁਸਾਂ ਚਮਕਾਇਆ॥

ਚਮੜੀ ਲੁਹਾ ਕੇ, ਤੁਸੀਂ ਆਪਣੀ,
ਛਾਂ ਅੱਜ ਸਾਡੇ ਸਿਰ ਤੇ ਕਰ ਗਏ॥
ਜੋ ਕੁੱਛ ਭੀ ਸੀ, ਤੁਹਾਡੇ ਪੱਲੇ,
ਸਿੱਖ ਕੌਮ ਦੇ ਅੱਗੇ ਧਰ ਗਏ॥

ਵਾਰ ਕੇ ਆਪਣੀਆਂ, ਜਾਨਾਂ ਤੁਸੀਂ,
ਸਿੱਖ ਇਤਿਹਾਸ ਅੱਜ ਫੇਰ ਦੁਹਰਾਇਆ॥
'ਛੱਡ ਦੇ ਨਹੀਂ, ਇਹ ਪੰਥ ਦਾ ਦੋਖੀ'
ਵੈਰੀ ਤਾਈ ਅੱਜ ਫੇਰ ਸਮਝਾਇਆ॥

ਮੱਧਮ ਹੋ ਰਹੀ ਸੀ, ਜੋਤ ਸਿੱਖੀ ਦੀ,
ਉਸ ਵਿੱਚ ਲਹੂ ਤੁਸੀਂ ਆਪਣਾ ਪਾਇਆ॥
ਸੋ ਗਏ ਭਾਂਵੇ ਤੁਸੀਂ, ਗੂੜ੍ਹੀ ਨੀਂਦਰ,
ਪਰ ਸੁੱਤੇ ਸਿੱਖਾਂ ਨੂੰ ਤੁਸੀਂ ਜਗਾਇਆ॥

ਸਵਰਗ ਦਵਾਰ ਦੇ, ਦੋਂਹੀ ਪਾਸੀ,
'ਸੰਤ' 'ਬੇਅੰਤ' ਖੜ੍ਹੇ ਹੋਣਗੇ॥
ਕਲਗੀਆਂ ਵਾਲੇ, ਸੱਚੇ ਪਿਤਾ,
ਤੁਹਾਨੂੰ ਆਪਣੀ ਗੋਦ 'ਚ ਬਿਠਾਉਣਗੇ॥

ਹੱਥ ਬੰਨ੍ਹ ਦਿੱਤੇ, ਅਪੀਲ ਤੁਹਾਡੀ,
ਨਹੀਂ ਸਿੱਖ ਦਿੱਲੀ ਨੂੰ ਅੱਗਾਂ ਲਾ ਦੇਣ॥
ਥਿੜਕਿਆ ਹੋਇਆ ਜੋ, ਰਾਜਾ ਬੈਠਾ,
ਉਸ ਦੀਆਂ ਤਾਂ ਇਹ ਭਾਜੜਾਂ ਪਾ ਦੇਣ॥



ਸਿੱਖ ਕੌਮ ਹੈ, ਰਿਣੀ ਤੁਹਾਡੀ,
ਤੁਹਾਡਾ ਕਰਜ਼ਾ ਉਸ ਦਿਨ ਲਾਹੇਗੀ॥
ਮਗਰੂਰ ਇਸ, ਸਰਕਾਰ ਦੇ ਕੋਲੋਂ 'ਭੱਜੀ',
ਜਿਸ ਦਿਨ ਇਹ ਮੁਕਤੀ ਪਾਵੇਗੀ॥



## ਬੰਜਰ ਧਰਤੀ

ਮੇਰੇ ਦਿਲ ਦੀ,
ਬੰਜਰ ਧਰਤੀ 'ਤੇ,
ਇਕ ਬੀਜ ਪਿਆ ਸੀ ਗੀਤਾਂ ਦਾ।
ਸੰਗਦਾ ਰਿਹਾ ਤੋਂ
ਉਹ ਉਗਣ ਤੋਂ,
ਮੋਹਤਾਜ ਸੀ ਰਸਮਾਂ ਰੀਤਾਂ ਦਾ।



ਨਾ ਇਸ਼ਕ ਕੀਤਾ,
ਨਾ ਸੱਟ ਵੱਜੀ,
ਉਸ ਬੀਜ ਨੇ ਫੇਰ ਕੀ ਉਗਣਾ ਸੀ।
ਦਬਿਆ ਰਿਹਾ,
ਸਮੇ ਦੀ ਗਰਦ ਹੇਠਾਂ,
ਨਹੀਂ ਤਾਂ ਦਰਦ ਦੀਆਂ ਚਿੜੀਆਂ ਚੁਗਣਾ
ਸੀ।
ਪਤਾ ਨਹੀਂ,
ਜਵਾਨੀ ਕਦ ਆਈ,
ਤੇ ਕਦੋ ਉਹ ਆ ਕੇ ਚਲੀ ਗਈ।
ਨਿੱਕੇ ਹੁੰਦਿਆਂ,
ਇਕ ਝੱਖੜ ਆਇਆ ਸੀ,
ਉਹ ਉਸ ਵਿੱਚ ਪਾ ਕੇ ਚਲੀ ਗਈ।
ਉਸ ਵਿੱਚ ਹੀ,
ਰੁਲ ਗਿਆ ਬੀਜ ਉਹੋ,
ਜਿਸ ਤੋਂ ਗੀਤਾਂ ਨੇ ਜੰਮਣਾ ਸੀ।
ਜਦ ਬੀਜ ਨਹੀਂ,
ਤਾਂ ਗੀਤਾਂ ਲਈ,
ਕਿਉ ਕਲਮ ਮੈ ਹੱਥ ਵਿੱਚ ਥੰਮਣਾ ਸੀ।
ਇਕ ਦਿਨ ਘੁਮੰਡੀ ਜਰਵਾਣੇ ਨੇ,
ਠੋਕਰ ਉਸ ਬੀਜ ਨੂੰ ਮਾਰੀ ਸੀ।
ਨਿਕਲ ਗਰਦ ਵਿਚੋਂ,
ਉਹ ਟੱਪ ਕ ਪਿਆ,
ਲੰਘ ਚਲੀ ਉਮਰ ਇੰਜ ਸਾਰੀ ਸੀ।
ਬਿਗਾਨਾ ਪਣ ਹੀ ਦਿਸਦਾ ਸੀ,
ਉਸ ਬੀਜ ਨੂੰ,
ਚਾਰ ਚੁਫੇਰੇ ਸੀ।
ਉਗਣ ਤੋਂ,

ਹੁਣ ਭੀ ਡਰਦਾ ਸੀ,
ਉਹ ਰੋਇਆ ਗਲ ਲਗ ਮੇਰੇ ਸੀ।
ਲਹੂ ਸਿੱਖਾਂ ਦੇ ਨਾਲ,
ਭਿਉਂਕੇ ਮੈਂ,
ਉਹਨੂੰ ਵਾੜ ਕੀਤੀ ਗੁਰਬਾਣੀ ਦੀ।
ਖੁਰਾਕ ਦਿੱਤੀ,
ਉਸ ਬੀਜ ਨੂੰ,
ਹੰਝੂਆਂ ਦੇ ਖਾਰੇ ਪਾਣੀ ਦੀ।
ਬੂਟਾ ਉਗਿਆ,
ਜਦ ਬੰਜਰ ਧਰਤੀ 'ਤੇ,
ਤਾਂ ਇਸ ਨੂੰ ਲਗੇ ਕੰਡੇ ਨੇ।
ਹੋਲੀ ਹੋਲੀ,
ਚੁਗ ਚੁਗ ਕੇ ਮੈਂ,
ਉਹ ਸਾਰੀ ਦੁਨੀਆਂ ਨੂੰ ਵੰਡੇ ਨੇ।
ਜਦ ਕੋਈ ਭੀ,
ਮਾਰਦਾ ਹੈ,
ਕਿਸਦੇ ਜਿਗਰ ਦੇ ਟੋਟਿਆਂ ਨੂੰ,
ਦਰਦ ਮੈਨੂੰ ਭੀ,
ਹੁੰਦਾ ਹੈ,
ਕੰਡਾ ਚੁਭਦਾ ਮੇਰੇ ਪੋਟਿਆਂ ਨੂੰ।
ਕਦੇ ਕਦੇ,
ਇਸ ਬੂਟੇ ਨੂੰ,
ਫੁਲ ਪੀੜਾਂ ਦੇ ਲਗਦੇ ਨੇ।
ਰੰਗ ਉਹਨਾਂ ਦੇ ਨੇ,
ਭਾਂਵੇ ਲਾਲ ਸੂਹੇ,
ਉਹਨਾਂ ਦੁੱਖ ਛਪਾਏ ਜਗਦੇ ਨੇ।
ਇਕ ਇਕ ਕਰਕੇ,
ਇਸ ਬੂਟੇ ਤੋਂ,



ਕੰਡੇ ਮੈਂ ਚੁਣੇ ਹੁਣੀ ਤੀਕ ਹੈ।
ਕਦੇ ਇਸ ਨੂੰ ਲਗਣਗੇ,
ਫੁਲ ਖੁਸ਼ੀਆਂ ਦੇ,
'ਭੱਜੀ' ਨੂੰ ਇਹ ਉਡੀਕ ਹੈ।



## ਮੇਰੀ ਕਲਮ

ਮੇਰੀ ਕਲਮ,
ਜੋ ਪਈ ਸੀ ਸੁੱਤੀ,
ਇਕ ਦਿਨ ਘਬਰਾ ਕੇ ਉਠੀ॥
ਆਪਣੀ ਸਿਆਹੀ ਦੀ,
ਇਕ ਬੂੰਦ,
ਉਸ ਕਾਗਜ਼ ਉਤੇ ਸੁੱਟੀ॥

ਉਹਦੇ ਵਿਚੋਂ,
ਇਕ ਧੁੰਦਲੀ ਜਿਹੀ ਤਸਵੀਰ ਨਿਕਲੀ॥



ਕੀ ਦੇਖਿਆ?
ਪੰਜਾਬ 'ਚ ਮੌਤ ਪਾਵੇ ਕਿੱਕਲੀ॥
ਉਸ ਤੋਂ ਬਾਅਦ,
ਇਹ ਹੌਲੀ ਹੌਲੀ ਚੱਲੀ॥
ਗਾਹੀ ਇਸਨੇ,
ਹਰ ਪਿੰਡ ਤੇ ਸ਼ਹਿਰ ਦੀ ਗਲੀ॥

ਜੋ ਭੀ ਇਸ ਨੇ ਕੰਨੀਂ ਸੁਣਿਆ,
ਜਾਂ ਆਪਣੇ ਅੱਖੀਂ ਹੈ ਡਿੱਠਾ॥
ਜਾ ਕਦੇ ਇਹਦੇ ਸਾਹਮਣੇ ਆਇਆ,
ਜ਼ਾਲਮ ਦੀਆਂ ਕਰਤੂਤਾਂ ਦਾ ਚਿੱਠਾ॥
ਇਸ ਨੇ ਸੋਚ ਸਮਝਕੇ,
ਉਹੋ ਕੀਤਾ ਬਿਆਨ॥
ਨਾ ਕਿਸੇ ਨੂੰ ਚੁਭੇ ਇਹੋ,
ਇਸਦਾ ਇਸ ਨੇ ਰੱਖਿਆ ਧਿਆਨ॥

ਉਠ ਖੜ੍ਹਦੀ ਹੈ ਹਾਲੇ ਇਹੋ,
ਰਾਤਾਂ ਨੂੰ ਕਦੇ ਰੋਂਦੀ ਰੋਂਦੀ ॥
ਕਦੇ ਮੈਂ ਇਹਨੂੰ ਚੁੱਪ ਕਰਾਂਉਦਾ,
ਕਦੇ ਇਹ ਮੈਨੂੰ ਚੁੱਪ ਕਰਾਂਉਦੀ॥
ਜਾਂ ਇਹ ਤਕ ਕਿਸੇ ਦੀ ਕੁਰਬਾਨੀ,
ਹੌਲੀ ਹੌਲੀ ਗੁਣਗੁਣਾਉਦੀ॥
ਕੰਨੀ ਮੇਰੇ ਫੂਕ ਮਾਰਕੇ,
ਇਹ ਮੈਨੂੰ ਹੈ ਕਦੇ ਜਗਾਉਦੀ॥
ਨਾ ਫਿਰ ਮੈਨੂੰ ਸੌਣ ਹੈ ਦੇਂਦੀ,
ਨਾਂ ਫਿਰ ਇਹ ਖੁਦ ਹੀ ਸੌਂਦੀ॥
ਪਤਾ ਨਹੀਂ ਕੀ ਦੁਖਦਾ ਇਹਦਾ,
ਉਠੀ ਹੈ ਕਈ ਵਾਰੀ ਕਰਲਾਉਦੀ॥
ਬੇਚੈਨ ਇਹ ਮੈ ਹੈ ਤੱਕੀ,
ਤੱਕੀ ਮੈ ਇਹ ਕੀਰਨੇ ਪਾਉਦੀ॥
ਇਸ ਨੇ ਇਕ ਦਿਨ ਲਿਖ ਛੱਡੀ,

ਕਹਾਣੀ 'ਮੇਰੇ ਪੰਜਾਬ' ਦੀ।।
ਜਾਂ ਕਿਤੇ ਇਹ ਛੇੜ ਕੇ ਬਹਿ ਗਈ,
ਕਹਾਣੀ 'ਸ਼ੇਰੇ ਪੰਜਾਬ' ਦੀ।।

ਇਕ ਦਿਨ ਇਸ ਮੈਨੂੰ ਦੱਸੀ,
ਕਹਾਣੀ ਇਕ ਆਦਮ ਖਾਣੀ ਦੀ।।
ਜਿਸਦੇ ਸਿਰ ਤੇ ਤਾਜ਼ ਭੀ ਨਹੀਂ ਸੀ,
ਉਸ ਭਾਰਤ ਦੀ ਰਾਣੀ ਦੀ।।
ਮਾਸੂਮਾਂ ਦੀ ਜਾਨ ਜਿਥੇ ਟੰਗੀ ਕਿਲੀ,
ਇਕ ਐਸੇ ਦਰਬਾਰ ਦੀ।।
ਲੋਕਾਂ ਦਾ ਜੋ ਬੁਰਾ ਹੈ ਤੱਕਦੀ,
ਇਕ ਐਸੀ ਸਰਕਾਰ ਦੀ।।
ਜਾਂ ਕਦੇ ਇਕ ਕਹਾਣੀ ਦਸੀ,
ਕਿਸੇ ਸਿੱਖ ਗਦਾਰ ਦੀ।।

ਜਦ ਭੀ ਕੋਈ ਮੁਕਾਬਲੇ ਮਰਿਆ,
ਇਸ ਨੇ ਉਹਦਾ ਪਿੱਛਾ ਫੋਲਿਆ।।
ਰਾਤਾਂ ਨੂੰ ਜੋ ਫੌਜੀ ਕਰਦੇ,
ਉਹ ਰਾਤਾਂ ਦਾ ਭੇਦ ਖੋਲ੍ਹਿਆ।।

ਕਦੇ ਇਸ ਜਾ ਕੇ ਭੂਤਕਾਲ ਵਿੱਚ,
ਖੂੰਨੀ ਇਤਿਹਾਸ ਦੇ ਪਤਰੇ ਫੋਲੇ।।
ਅਬਦਾਲੀ ਦਾ ਹਮਲਾ ਤਕਿਆ,
ਅਕਾਲ ਤਖਤ ਤੇ ਡਿਗਦੇ ਗੋਲੇ।।
ਝਾਤ ਮਾਰ ਕੇ ਤਵਾਰੀਖ ਦੇ ਉਤੇ,
ਹੁਣ ਲਈ ਪਈ ਰਾਹ ਇਹ ਟੋਲੇ।।

ਕਦੀ ਬਣਕੇ ਇਹ ਇਕ ਸਫਰੀ,
ਹਰਿਮੰਦਰ ਪਰਕਰਮਾ ਵਿੱਚ ਹੈ ਘੁੰਮਦੀ।।
ਸ਼ਹੀਦਾਂ ਦਾ ਜਿਥੇ ਖੂੰਨ ਹੈ ਡੁੱਲ੍ਹਾ,
ਇਹ ਉਹੋ ਧਰਤ ਹੈ ਚੁੰਮਦੀ।।



ਇਹਦੇ ਕੰਨੀਂ ਕਦੇ ਹੈ ਪੈਂਦੀ,
ਇਕ 'ਸੁੰਨੀ ਝਾਂਜਰ' ਦੀ ਛਣਕਾਰ।।
ਜਾਂ ਕਿਸੇ ਬੇਪੱਤ ਨਾਰੀ,
ਦਰਦਾਂ ਭਰੀ ਪੁਕਾਰ।।
ਕਦੇ ਕਦੇ ਇਸ ਨੇ ਹੈ ਤਕਿਆ,
ਬੱਚਾ ਕਿਸੇ ਮੋੜ ਤੇ ਖੜਿਆ।।
ਸਿਰ ਉਤੇ ਉਹਦੇ ਸੋਹਣਾ ਜੂੜਾ,
ਹੱਥ ਉਹਦੇ ਠੂਠੇ ਨੂੰ ਫੜਿਆ।।
ਕਦੇ ਬਣਕੇ ਇਹ ਇਕ ਜਸੂਸਣ,
ਥਾਣਿਆ ਵਿੱਚ ਜਾ ਝਾਤੀਆਂ ਮਾਰੇ।।
ਸੀਖਾਂ ਤਾਂਈ ਇਸ ਨੇ ਤੱਕੇ,
ਪੁਲਸੀਆਂ ਦੇ ਮਾੜੇ ਕਾਰੇ।.
ਸਿਰਗਟਾਂ ਨਾਲ ਮਾਸ ਉਹ ਸਾੜਣ,
ਸੰਨੀਆਂ ਨਾਲ ਚਮੜੀ ਉਹ ਨੋਚਣ।।
ਕਾਬੂ ਜਦ ਸ਼ਿਕਾਰ ਕੋਈ ਆਵੇ,
ਭੁੱਖੀਆਂ ਇੱਲਾਂ ਵਾਂਗੂੰ ਬੋਚਣ।।

ਇਸਨੇ ਤੱਕੇ ਸਿੱਖਾਂ ਦੇ ਆਗੂ,
ਕੁਰਸੀਆਂ ਲਈ ਰਗੜਦੇ ਗੋਡੇ।।
ਅਕਾਲ ਤਖਤ ਦੀ ਜਥੇਦਾਰੀ ਲਈ,
'ਰਾਗੀ' ਨਾਲ ਝਗੜਦੇ 'ਰੋਡੇ'।।

ਕਦੇ ਕਿਸੇ ਦੇ ਦੁਖੜੇ ਫੋਲੇ,
ਕਦੇ ਕਿਸੇ ਨੂੰ ਪੱਟੀ ਲਾਵੇ।।
ਕਦੇ ਕਿਸੇ ਨੂੰ ਧਰਵਾਸਾ ਦੇਵੇ,
ਕਦੇ ਇਹ ਖੁਦ ਗਸ਼ ਖਾ ਜਾਵੇ।।

ਕਦੇ ਇਹ ਬਿਨ ਫੰਗੋ ਹੈ ਉਡਦੀ,
ਕਦੇ ਸਮੁੰਦਰਾਂ ਵਿੱਚ ਖਾਵੇ ਗੋਤੇ।।
ਕਈ ਸਿੱਖਾਂ ਦੇ ਮਾੜੇ ਕਾਰੇ,
ਇਸ ਨੇ ਹੰਝੂਆਂ ਨਾਲ ਨੇ ਧੋਤੇ।।

ਕਦੇ ਇਹ ਹਿਚਕੋਲੇ ਹੈ ਖਾਂਦੀ,
ਕਦੇ ਇਹ ਤੇਜ ਹੈ ਭੱਜਦੀ।।
ਭਾਂਵੇ ਜਿਸ ਤਰ੍ਹਾਂ ਵੀ ਚਲੇ,
ਸੱਚ ਦਾ ਰਾਹ ਨਾ ਕਦੇ ਵੀ ਤਜਦੀ।।
ਸਿਹਾਈ ਇਹਦੀ ਜਦ ਕਦੇ ਮੁਕਦੀ,
ਮੈਥੋਂ ਖ਼ੂੰਨ ਉਧਾਰਾ ਮੰਗਦੀ।।
ਜੇ ਦਵਾਤ ਇਹਨੂੰ ਲਗੇ ਸੁਕਦੀ,
ਹੰਝੂਆਂ ਦਾ ਵੀ ਸਹਾਰਾ ਮੰਗਦੀ।।
ਬੜੀ ਬੇਝਿਜਕ ਕਲਮ ਹੈ ਮੇਰੀ,
ਮੰਗਣ ਲਗਿਆਂ ਨਾ ਇਹ ਸੰਗਦੀ।।
ਸ਼ਾਂਤੀ ਦੀਆਂ ਕਦੇ ਕਰੇ ਇਹ ਗੱਲਾਂ,
ਕਦੇ ਛੇੜੇ ਗੱਲ ਇਹ ਜੰਗਦੀ।।

ਕਦੇ ਤੰਗ ਆ ਇਸ ਦੁਨੀਆਂ ਤੋਂ,
ਰੱਬ ਨੂੰ ਇਹ ਮਿਲਣ ਨੂੰ ਲੋਚੇ।।
ਡੋਲਕੇ ਸਾਰੀ ਕਾਲੀ ਸਿਆਹੀ,
ਉਹਦੀ ਲੌ ਨਾ ਭਰਨ ਨੂੰ ਸੋਚੇ।।
ਕਦੇ ਆਕੇ ਵਿਚ ਮਸਤੀ ਦੇ,
ਉਹਦੇ ਪਈ ਗੁਣ ਗਾਵੇ।।
ਉਹ ਜਦ ਨਜ਼ਰੋਂ ਉਹਲੇ ਹੁੰਦਾ,
ਫੇਰ ਖੜ੍ਹੀ ਪਛਤਾਵੇ।।
ਇਹ ਕਲਮ ਬੇਨਾਮ ਹੈ ਮੇਰੀ।।
ਇਹ ਕਲਮ ਬੇਦਾਮ ਹੈ ਮੇਰੀ।।

ਇਹਦਾ ਕੰਮ ਹੈ ਰੌਲਾ ਪਾਉਣਾ,
ਸੁੱਤੇ ਲੋਕਾਂ ਤਾਈ ਜਗਾਉਣਾ।।

ਹਟਕੋਰਿਆਂ ਦੀ ਕੋਈ ਆਵਾਜ਼ ਸੁਣੇ ਜਾ।
ਆਜ਼ਾਦੀ ਦਾ ਕੋਈ ਸਾਜ਼ ਸੁਣੇ ਜਾ।।

ਜਿਸ ਨੂੰ ਜੋ ਭੀ ਚੰਗਾ ਲਗਦਾ,



ਉਸ ਨੂੰ ਇਹੋ ਉਹ ਹੈ ਦੇਂਦੀ।।
ਆਪਣੀ ਇਹਦੀ ਲੋੜ ਨਾ ਕਾਈ,
ਉਸਦੇ ਬਦਲੇ ਕੁਛ ਨਾ ਲੈਂਦੀ।.
ਰੁੱਤ ਜਦੋਂ ਬਹਾਰ ਦੀ ਹੋਵੇ,
ਗਲ ਇਹ ਪਤਝੜ ਦੀ ਕਰਦੀ।।
ਤਕਕੇ ਸਿੱਖਾਂ ਦੀ ਅਣਗਹਿਲੀ,
ਕਈ ਵਾਰ ਇਹ ਸ਼ਰਮ ਨਾਲ ਮਰਦੀ।।

ਜੇ ਮੇਹਰ ਰਹੀ,
ਕਰਤਾਰ ਦੀ ਇਸਤੇ,
ਇਹ ਕਲਮ ਨਾ ਕਦੇ ਰੁਕੇਗੀ।।
ਇਹ ਕਲਮ ਨਾ ਕਦੇ ਝੁਕੇਗੀ।।
ਆਜ਼ਾਦੀ ਦੇ ਗੀਤ ਲਿਖੇਗੀ।.
ਸੱਚ ਦੀ ਇਹ ਜੀਤ ਲਿਖੇਗੀ।।
ਪਰਵਾਨੇ ਦੀ ਪ੍ਰੀਤ ਲਿਖੇਗੀ।।
ਸਿੱਖੀ ਦੀ ਇਹ ਰੀਤ ਲਿਖੇਗੀ।।
ਸ਼ਹੀਦਾਂ ਨੂੰ ਇਹ ਪ੍ਰਣਾਮ ਕਰੇਗੀ।।
ਮੇਰੀ ਕਵਿਤਾ ਉਹਨਾਂ ਦੇ ਨਾਮ ਕਰੇਗੀ।।

ਜ਼ਾਲਮ ਨੂੰ ਇਹ ਭੰਡੇਗੀ।।
ਜ਼ੁਲਮ ਨੂੰ ਇਹ ਛੰਡੇਗੀ।.
ਸ਼ਮਸ਼ੀਰਾਂ ਨੂੰ ਇਹ ਚੰਡੇਗੀ।।

'ਭੱਜੀ' ਇਹ ਕਲਮ ਮੇਰੀ ਹੈ,
ਉਹਦੀ ਅਮਾਨਤ,
ਇਸ ਨੂੰ ਨਾ ਕਦੇ ਮੈਂ ਵੇਚਾਂਗਾ।।
ਜਿਸ ਦਿਨ ਕਿਤੇ,
ਨਿਕਾਰੀ ਹੋ ਗਈ,
ਪਾਕ ਅਗਨ ਨੂੰ ਮੈ ਭੇਟਾਂਗਾ।।

## ਮੇਰੇ ਗੀਤ

ਲੋਕ ਕਹਿਣ,
ਇਹ ਗੀਤ ਨੇ ਮੇਰੇ,
ਇਹ ਤਾਂ ਮੇਰੀ ਕਲਮ ਪਈ ਰੋਏ।
ਸਿੱਖਾਂ ਦੇ ਹੰਝੂ,
ਕਰਕੇ ਇੱਕਠੇ,
ਮੈਂ ਤਾਂ ਬੱਸ,
ਇਕ ਲੜੀ ਪਰੋਏ।



ਇਹ ਮੇਰੇ ਗੀਤ ਨੇ,
ਨਾਮ ਉਹਨਾਂ ਦੇ,
ਜੋ ਵਾਰ ਗਏ ਜਾਨਾਂ ਕੌਮ ਦੇ ਉੱਤੇ।
ਜਗਾ ਗਏ,
ਸੁੱਤੀ ਕੌਮ ਨੂੰ ਉਹੋ,
ਆਪ ਭਾਵੇਂ ਉਹ ਸਦਾ ਲਈ ਸੁੱਤੇ।
ਦਿਲ ਤੇ ਇਕ,
ਨਸੂਰ ਦੇ ਵਾਂਗੂ,
ਸਦਾ ਰੜਕਦੀਆਂ ਰਹਿਣ ਗਈ,
ਇਹ ਕੌੜੀਆਂ ਯਾਦਾਂ।
'ਭੱਜੀ' ਵਤਨੋਂ ਦੂਰ,
ਸਿੱਖਾਂ ਦੇ ਅੱਗੇ,
ਇਹ ਨੇ ਧਰਤ ਪੰਜਾਬ ਦੀਆਂ,
ਖੋੜ੍ਹੀਆਂ ਫਰਿਆਦਾਂ।

## ਰੱਤਾ ਪਾਣੀ

ਸਤਲੁਜ ਦੇ ਰੱਤੇ ਪਾਣਿਉ,
ਮੈਨੂੰ ਇਕ ਗੱਲ ਦਸੋ॥
ਤੁਹਾਡਾ ਰੰਗ ਮੁੜ ਨੀਲਾ ਹੋਵੇ,
ਇਹਦਾ ਕੋਈ ਹੱਲ ਦਸੋ॥

ਸਿੱਖਾਂ ਦੇ ਅੰਨ੍ਹੇ ਲੀਡਰੋ,
ਕਿਉ ਅਕਲਾਂ ਦਾ ਘਾਟਾ॥



ਕਿ ਦਿਸਦਾ ਨਹੀਂ ਤੁਹਾਨੂੰ ਮਾਂ ਦਾ,
ਖਿਲਰਿਆ ਹੋਇਆ ਝਾਟਾ॥
ਉਹ ਜੋ ਹਾਲੇ ਸੀ ਕੱਲ ਵਿਆਹੀ,
ਉਹਦਾ ਸਾਲੂ ਪਾਟਾ॥

ਧੀਆਂ ਤੁਹਾਡੀਆਂ ਨੰਗੀਆਂ ਕਰ,
ਉਹ ਨਿੱਤ ਨਚਾਉਦੇ॥
ਪੁੱਤ ਤੁਹਾਡੇ ਮਾਰ ਕੇ,
ਉਹ ਨਿੱਤ ਭੰਗੜੇ ਪਾਉਦੇ॥
ਭਜੋਂ ਕੁਰਸੀਆਂ ਦੀ ਦੌੜ ਵਿੱਚ,
ਇਕ ਦੂਏ ਤੋਂ ਅੱਗੇ॥
ਗੈਰਾਂ ਅੱਗੇ ਝੋਲੀ ਅੱਡਦਿਆਂ,
ਤੁਹਾਨੂੰ ਸ਼ਰਮ ਨਾ ਲੱਗੇ॥

ਕਸਮ ਹੈ ਤੁਹਾਨੂੰ ਉਹਨਾਂ ਦੀ,
ਜੋ ਗਏ ਵਾਰ ਜੁਆਨੀ॥
ਸਭ ਕੌਮ ਦੇ ਲੇਖੇ ਲਾ ਗਏ,
ਨਾ ਰੱਖੀ ਦੁਆਨੀ॥
ਹਾਲੇ ਨਾ ਕੁਝ ਵਿਗੜਿਆ,
ਜੇ ਦੌੜ ਕੁਰਸੀਆਂ ਦੀ ਛੱਡੋ॥
ਰਾਕਸ਼ ਜੋ ਤੁਹਾਡੇ ਵਿਹੜੇ ਵੜਿਆ,
ਰੱਲ ਕੇ ਇਹਨੂੰ ਕੱਢੋ॥

ਉਹ ਫੇਰ ਆਪੇ ਨੀਲੇ ਹੋ ਜਾਣ,
ਮੇਰੇ ਰੱਤੇ ਪਾਣੀ॥
'ਭੱਜੀ' ਪੰਜਾਬ ਫਿਰ ਨੱਚ ਉਠੇਗਾ,
ਲਿਖੂ ਨਵੀਂ ਕਹਾਣੀ॥



## ਸ਼ੇਰੇ ਪੰਜਾਬ ਨੂੰ

ਮੁੜਕੇ ਪਾ ਫੇਰੀ, ਰਣਜੀਤ ਸਿੰਘਾ,
ਆਕੇ ਤੱਕ ਤੂੰ, ਅੱਜ ਪੰਜਾਬ ਤੇਰਾ॥
ਮੇਹਨਤਾਂ ਨਾਲ ਸੀ, ਜੋ ਤੂੰ ਇੱਕਠ ਕੀਤਾ,
ਆਕੇ ਵੰਡਿਆ ਵੇਖ, ਪੰਜਾਬ ਤੇਰਾ॥
ਨਨਕਾਣਾ ਤੇ, ਹਰਿਮੰਦਰ ਵੰਡੇ,
ਨਾਲੇ ਵੰਡਿਆ, ਉਹਨਾਂ ਝਨਾਬ ਤੇਰਾ॥
ਇਸ ਨਾਲ ਭੀ ਨਾ,ਇਹਨਾਂ ਦਾ ਢਿੱਡ ਭਰਿਆ,
ਖੋਹ ਕੇ ਲੈ ਗਏ, ਸਤਲੁਜ ਦਾ ਆਬ ਤੇਰਾ॥
ਅੱਗ ਚਾਰ ਚੁਫੇਰੇ, ਪਈ ਮੱਚਦੀ ਏ,
ਭਾਂਵੇ ਮਾਝਾ ਜਾਂ, ਉਹ ਦੁਆਬ ਤੇਰਾ॥



ਜੇਲ੍ਹਾਂ ਲਾਹੌਰ ਦੀਆਂ, ਅੰਦਰ ਸਿੱਖ ਸੜਦੇ,
ਜਿਥੇ ਕਦੇ ਹੁੰਦਾ ਸੀ ਰਾਜ ਤੇਰਾ॥
ਸਾਂਝੀ ਵਾਲਤਾ ਦੀ, ਜਿਸ ਨਾਲ ਧੁੰਨ ਕੱਢੀ,
ਤੋੜ ਛੱਡਿਆ ਇਹਨਾਂ, ਉਹ ਸਾਜ ਤੇਰਾ॥
ਕੋਹ ਕੋਹ ਮਾਰੇ ਇਹਨਾਂ, 'ਜਰਨੈਲ' ਤੇਰੇ,
ਠੁੱਡੇ ਖਾ ਰੋਇਆ, ਅੱਜ ਤਾਜ ਤੇਰਾ॥

ਕਦੇ ਸੁਪਨੇ ਵਿੱਚ ਵੀ, ਨਾ ਸੋਚਿਆ ਹੋਸੀ,
ਕਿ ਇਕ ਦਿਨ ਹਸ਼ਰ, ਇਹ ਹੋਣਾ ਤੇਰਾ॥
ਜਿਸ ਅਕਾਲ ਤਖਤ ਅੱਗੇ, ਤੂੰ ਝੁਕਿਆ ਸੈਂ,
ਉਹੀ ਤਖਤ ਅਕਾਲ, ਆ ਢੌਣਾ ਤੇਰਾ॥
ਹਿੰਮਤ ਹੈ ਤਾਂ, ਆ ਕੇ ਪੈਰ ਪਾ ਤੂੰ,
ਜਿਥੇ ਵਸਦਾ, ਹਰਿਮੰਦਰ ਸੋਹਣਾ ਤੇਰਾ॥
ਨਾਲ ਸ਼ਰਮ ਦੇ, ਤੇਰਾ ਸਿਰ ਝੁੱਕੀ ਜਾਸੀ,
ਧਾਹਾਂ ਮਾਰ ਮਾਰ ਨਿਕਲੂ, ਰੋਣਾ ਤੇਰਾ॥

ਅੱਜ ਮੁੜ ਕੇ ਖੁਦ, ਤੂੰ ਹੀ ਆਜਾ,
ਜਾ ਭੇਜ ਕੋਈ, ਅਣਖੀ ਸਰਦਾਰ ਤੇਰਾ॥
ਨਲੂਆ ਭੇਜਦੇ, ਜਾਂ ਫਿਰ ਅਕਾਲੀ ਫੂਲਾ,
ਨਾ ਭੇਜੀ ਕੋਈ, ਡੋਗਰਾ ਗਦਾਰ ਤੇਰਾ॥

ਵਾਂਗ ਡੋਗਰਿਆਂ ਨਾਲ, ਰਲ ਵੈਰੀਆਂ ਦੇ,
ਕੀਤਾ ਇਕ ਰਣਜੀਤ, ਨਾਂ ਖਰਾਬ ਤੇਰਾ॥
ਨਾ ਛੱਡਿਆ ਇਹਨਾਂ, ਕੁੱਝ ਪੰਜਾਬ ਅੰਦਰ,
ਲੁੱਟ ਕੇ ਲੈ ਗਏ, ਸਾਰਾ ਸ਼ਬਾਬ ਤੇਰਾ॥
ਪੱਤੇ ਮੱਚ ਗਏ, ਪੱਤੀਆਂ ਖਿਲਰ ਗਈਆਂ,
ਮਹਿਕਾਂ ਨਾ ਮਾਰੇ, ਅੱਜ ਗੁਲਾਬ ਤੇਰਾ॥
'ਭੱਜੀ' ਅਖੇ ਸਾਂਭ ਲੈ, ਤੈਥੋਂ ਜੇ ਹੈ ਸਾਂਭ ਹੁੰਦਾ,
ਉਜੜ ਚਲਿਆ, ਅੱਜ ਪੰਜਾਬ ਤੇਰਾ॥

## ਕਿਉ?

ਕਈ ਸਾਲਾਂ ਤੋਂ ਤੱਕਦਾ ਹਾਂ,
ਕੁਝ ਸਮਝ ਨੀ ਆਉਦੀ,
ਦਰ ਤੇਰੇ ਆਇਆ ਮਾਂ,
ਬਣ ਕੇ ਮੈ ਸਵਾਲੀ ਨੀ॥

'ਮਾਂ' ਜਿਸ ਨੂੰ ਮੰਨਦੇ ਸੀ,
'ਮਤੇਰਈ' ਉਹ ਨਿਕਲੀ,
ਰੰਗ ਦੀ ਭਾਂਵੇ ਚਿੱਟੀ ਸੀ,
ਪਰ ਦਿਲ ਦੀ ਕਾਲੀ ਨੀ॥



ਸਭ ਖੋਹ ਕੇ ਲੈ ਗਈ,
ਕਦੇ ਕੁੱਛ ਨਾ ਦਿੰਦੀ ਸੀ,
ਫੇਰ ਕਿਉ ਨਾ ਝੱਲ ਸਕੀ,
ਉਹ ਤੇਰੀ ਖੁਸ਼ਹਾਲੀ ਨੀ॥

ਜੋ ਗੁੰਡੇ ਭੇਜੇ ਉਨ,
ਸਭ ਲੁੱਟ ਕੇ ਲੈ ਗਏ ਉਹ,
ਕਿਉ ਛੱਡੀ ਉਨ੍ਹਾਂ ਨਹੀਂ,
ਤੇਰ ਘਰ ਇਕ ਬਾਲੀ ਨੀ॥

ਤਖਤ ਭੀ ਢਾਹ ਦਿੱਤਾ,
ਲਹੂ ਪੀਤਾ ਤੇਰੇ ਪੁੱਤਾਂ ਦਾ,
ਫੇਰ ਭੀ ਕਿਉ ਨਾ ਭਰਿਆ,
ਉਹਦਾ ਢਿੱਡ ਖਾਲੀ ਨੀ॥

ਕਿਉ ਭਾਂਬੜ ਹੀ ਭਾਂਬੜ ਨੇ,
ਧੂੰਏ ਵਿੱਚ ਦਿੱਸਦਾ ਨਹੀਂ,
ਕੀ ਤੂੰ ਜਾਣਦੀ ਏ?
ਇਹ ਅੱਗ ਕਿੰਨ ਬਾਲੀ ਨੀ॥

ਦਰਿਆ ਤਾਂ ਬਹਿੰਦੇ ਨੇ,
ਆਪਣੀਆਂ ਹੀ ਮੌਜ਼ਾਂ ਤੇ,
ਫੇਰ ਤੇਰੀ ਸਤਲੁਜ ਇਹ,
ਕਿਉ ਜਮਨਾ ਵੱਲ ਢਾਲੀ ਨੀ॥

ਤੇਰੀ ਇਹ ਸੋਹਣੀ,
ਜੋ ਕਦੇ ਪਾਣੀ ਵਿੱਚ ਡੁੱਬੀ ਸੀ,
ਕਿਉ ਤ੍ਰਿਹਾਈ ਅੱਜ ਬੈਠੀ,
ਪੰਜ ਦਰਿਆਵਾਂ ਵਾਲੀ ਨੀ॥

ਬਿਆਸ ਹੈ ਲਾਲ ਹੋਇਆ,

ਤੇਰੇ ਪੁੱਤਾਂ ਦੇ ਲਹੂ ਦੇ ਨਾਲ,
ਪਰ ਕਿਉ ਉਡ ਗਈ ਹੈ,
ਤੇਰੇ ਚਿਹਰੇ ਦੀ ਲਾਲੀ ਨੀ।।

ਵਾੜ ਹੀ ਖਾਈ ਜਾਂਦੀ,
ਕਿਉ ਤੇਰੇ ਖੇਤਾਂ ਨੂੰ,
ਕਿੰਝ ਫਸਲਾਂ ਹੋਣਗੀਆਂ,
ਬਿੰਨ ਰੱਖਵਾਲੀ ਨੀ।।

ਤੱਕ ਪੱਕੀਆਂ ਫਸਲਾਂ ਨੂੰ,
ਭੰਗੜੇ ਜੋ ਪਾਉਦੇ ਸੀ,
ਕਿੱਥੇ ਗਏ ਤੇਰੇ,
ਅੱਜ ਉਹ ਹਾਲੀ ਨੀ।।

ਕੱਲ ਦੀਆਂ ਤ੍ਰਿਹਾਈਆਂ ਨੇ,
ਨਾਲੇ ਢਿਡੋਂ ਭੁੱਖੀਆਂ ਨੇ,
ਕਿਥੇ ਗਏ ਤੇਰੇ,
ਮੱਝਾਂ ਦੇ ਪਾਲੀ ਨੀ।।

ਕਿੱਥੇ ਗਏ ਗੱਭਰੂ ਤੇਰੇ,
ਜਿੰਨਾਂ ਤੇ ਮਾਣ ਸੀ ਤੈਨੂੰ,
ਕਿਉ ਅੱਜ ਦਿਸਦੇ ਨੇ,
ਸਾਰੇ ਪਿੰਡ ਹੀ ਖਾਲੀ ਨੀ।।

ਕੱਲ ਜੋ ਵਿਆਹੀ ਸੀ,
ਕਿਉ ਸੱਸ ਮੇਹਣੇ ਦਿੰਦੀ ਹੈ?
'ਖਾ ਗਈ ਮੇਰੇ ਪੁੱਤ ਨੂੰ'
ਇਹ ਸੜਿਆਂ ਭਾਗਾਂ ਵਾਲੀ ਨੀ।।

ਕਾਂ ਜਿੰਨਾਂ ਦੇ,
ਉਡ ਗਏ ਪ੍ਰਦੇਸਾਂ ਨੂੰ,



ਕਿਉ ਉਹ ਨਾ ਕੂਕੇ,
ਕੋਇਲ ਕਾਲੀ ਨੀ।।

ਕਿਉ ਢਿਡੋਂ ਭੁੱਖੀ ਹੈ,
ਪਿੰਡੇ ਤੋਂ ਨੰਗੀ ਹੈ,
ਕਿੰਝ ਕੱਜੇ ਜੁਆਨੀ ਇਹ,
ਮੱਖਣਾਂ ਨਾਲ ਜੋ ਪਾਲੀ ਨੀ।।

ਸੋਹਣਾ ਅਜੇ ਨਹੀਂ ਆਇਆ,
ਬੱਚੇ ਭੀ ਭੁੱਖੇ ਨੇ,
ਕਿਉ ਅੱਜ ਇਹ ਰੋਵੇ,
ਦੁੱਖਾਂ ਦੀ ਜਾਲੀ ਨੀ।।

ਕਿਉ ਭੜੋਲੀ ਖਾਲੀ ਆਟੇ ਤੋਂ,
ਨਾ ਲੱਕੜਾਂ ਨੇ ਚੁੱਲ੍ਹੇ ਲਈ,
ਕਿੱਧਰ ਨੂੰ ਜਾਵੇ ਅੱਜ,
ਇਹ ਖੇਤਾਂ ਵਾਲੀ ਨੀ।।

ਸ਼ਿਵ ਦੀਆਂ ਪੀੜਾਂ ਦਾ,
ਪਰਾਗਾ ਜੋ ਭੁੰਨਦੀ ਸੀ,
ਅੱਜ ਨਜ਼ਰ ਨਹੀਂ ਆਉਦੀ,
ਉਹ ਤੇਰੀ ਭੱਠੀ ਵਾਲੀ ਨੀ।।

ਕਿਉ ਨਾ ਚੜ੍ਹੀ ਕੜਾਹੀ ਅੱਜ,
ਨਾ ਪੂੜੇ ਹੀ ਪੱਕਦੇ ਨੇ,
ਸਾਉਣ ਤਾਂ ਲੰਘ ਗਿਆ,
ਨਾ ਆਈਆਂ ਤੀਆਂ ਹਾਲੀ ਨੀ।।

ਬੰਸਤ ਰੁੱਤੇ ਭੀ,
ਕਿਉ ਫੁੱਲ ਅੱਜ ਖਿੜਦੇ ਨਹੀਂ,
ਕਿਉ ਅੱਜ ਇਹ ਟੁੱਟ ਗਈ,

ਤੇਰੀ ਚੰਬੇ ਦੀ ਡਾਲੀ ਨੀ॥

ਹਾੜ੍ਹ ਦੀ ਗਰਮੀ ਏ,
ਕਿਉਂ ਪੋਹ ਦੀ ਰਾਤਾਂ ਨੂੰ,
ਕਿੰਝ ਰੁੱਤਾਂ ਬਦਲ ਗਈਆਂ,
ਆਵੇ ਸਮਝ ਨਾ ਹਾਲੀਂ ਨੀ॥

ਚੂਰੀ ਖਿਲਾ ਕੇ ਰਾਂਝੇ ਨੂੰ,
ਆਪ ਜੋ ਖਾਂਦੀ ਸੀ,
ਖੇੜੀ ਅੱਜ ਕਿਉਂ ਜਾ ਬੈਠੀ,
ਤੇਰੀ ਹੀਰ ਸਿਆਲੀ ਨੀ॥

ਪਿਆਰ ਖੰਭ ਲਾ ਉਡ ਗਿਆ,
ਕਿਉਂ ਆਸ਼ਕਾਂ ਦੇ ਵਤਨਾਂ ਤੋਂ,
ਕੋਈ ਅੱਜ ਵਜਾਉਂਦਾ ਨਹੀਂ,
ਵੰਝਲੀ ਰਾਂਝਣ ਵਾਲੀ ਨੀ॥

ਤੇਰੀਆਂ ਅੱਜ ਸਿੰਘਣੀਆਂ,
ਕਿਉਂ ਲੱਭਣ ਭਾਗੋ ਨੂੰ,
ਮੈ ਦੇਖੀ ਹਰ ਪਾਸੇ,
ਉਹ ਲੱਭੇ ਨਾ ਭਾਲੀ ਨੀ॥

ਬੇ-ਦਾਵਾ ਨਿੱਤ ਦੇਈ ਜਾਂਦੇ,
ਲਿਖ ਆਪਣੇ ਸਤਿਗੁਰੂ ਨੂੰ,
ਹੈ ਕੋਈ ਮੋੜ ਲਿਆਵੇ,
ਮੁੱਕਤੇ ਕਈ ਚਾਲ੍ਹੀ ਨੀ॥

ਨੌਕਰ ਜੋ ਤੇਰੇ ਸੀ,
ਰੱਖੇ ਤੂੰ ਰਾਖੀ ਲਈ,
ਤੇਰੇ ਹੀ ਲੋਕਾਂ ਨੂੰ,
ਕਿਉਂ ਕੱਢਣ ਅੱਜ ਗਾਲ੍ਹੀ ਨੀ॥



ਕਿਉਂ ਬਿਜਲੀਆਂ ਹਾਲੇ ਗੱਜਦੀਆਂ,
ਨਿੱਤ ਅੱਗਾਂ ਲੱਗਦੀਆਂ,
ਅੱਗ ਜੋ ਇਹ ਬੁਝਾ ਦੇਵੇ,
ਦਿੱਸੇ ਵਾਛੜ ਨਾ ਹਾਲੀ ਨੀ॥

ਰਾਮ ਦੇ ਨਾਮ ਤੋਂ ਬਿਨਾਂ,
ਪੱਤਰਾ ਕੋਈ ਦਿੱਸਦਾ ਨਹੀਂ,
ਕਿਉ ਗ੍ਰੰਥ ਇਹ ਸਾੜ ਰਹੇ,
ਇਹ ਰਾਮ ਖਿਆਲੀ ਨੀ॥

ਹਰਿਮੰਦਰ ਦੇ ਦੁਆਲੇ ਤਾਂ,
ਲੋਕੀਂ ਹੀ ਲੋਕੀਂ ਸਨ,
ਪਰ ਅੱਜ ਕਿਉ ਦਿੱਸਦੀ,
ਪ੍ਰਕਰਮਾ ਇਹ ਖਾਲੀ ਨੀ॥

ਜਗਦੀ ਜੋ ਸਦੀਆਂ ਤੋਂ,
ਉਹ ਹਰਿਮੰਦਰ ਨਾ ਜੋਤ ਜਗੇ,
ਫੇਰ ਕਿਉਂ ਮਨਾਂਉਦੇ ਨੇ,
ਲੋਕ ਦੀਵਾਲੀ ਨੀ॥

ਘਰ ਭੀ ਉਹ ਢਾਹ ਗਿਆ,
ਲੁੱਟ ਕੇ ਭੀ ਲੈ ਗਿਆ,
ਹਾਲੇ ਭੀ ਮੰਨਦੇ ਉਹਨੂੰ,
ਇਹ ਸਮਝਣ ਨਾ ਹਾਲੀਂ ਨੀ॥

ਤੇਰੇ ਜਰਨੈਲਾਂ ਨੇ,
ਜਾਨਾਂ ਲਾ ਦਿੱਤੀਆਂ,
ਕਿਉਂ ਇਹ ਭੁੱਲ ਗਏ ਨੇ,
ਜੋ ਘਾਲਣਾ ਉਨ੍ਹਾਂ ਘਾਲੀ ਨੀ॥

ਤੱਕ ਮੌਤ ਦੇ ਬੱਦਲਾਂ ਨੂੰ,

ਜੋ ਜੂਨ 'ਚ ਗੱਜੇ ਸੀ,
ਜੋ ਜਾ ਬੈਠੇ ਜੇਲ੍ਹਾਂ ਵਿੱਚ,
ਕਿਉਂ ਉਹੀ ਲੀਡਰ ਹਾਲੀਂ ਨੀ॥

ਅੰਮ੍ਰਿਤ ਛੱਕ ਬਾਟੇ 'ਚੋਂ,
ਮੰਨਦੇ ਇਕ ਰੱਬ ਨੂੰ ਇਹ,
ਧੜਿਆਂ ਵਿੱਚ ਕਿਉਂ ਵੰਡੇ,
ਅੱਜ ਤੇਰੇ ਅਕਾਲੀ ਨੀ॥

ਖਾ ਖਾ ਜੁੱਤੀਆਂ ਤਾਂ,
ਮੜ੍ਹ ਪੋਲਾ ਪੈ ਗਿਆ ਹੈ,
ਕਿਉਂ ਭੱਜਦੇ ਫਿਰ ਕੁਰਸੀ ਨੂੰ,
ਇਹ ਅਕਲਾਂ ਤੋਂ ਖਾਲੀ ਨੀ॥

ਜੇ ਥੋੜ੍ਹੀ ਜਿਹੀ ਸ਼ਰਮ ਕਰਨ,
ਥੋੜ੍ਹੇ ਜਿਹੇ ਕਰਮ ਕਰਨ,
ਡੁੱਲ੍ਹੇ ਬੇਰਾਂ ਦਾ,
ਕੁੱਛ ਵਿਗੜਿਆ ਨਾ ਹਾਲੀਂ ਨੀ॥

ਜਿਉਦੀ ਏ ਪਤਾ ਮੈਨੂੰ,
ਸਾਹ ਕਦੇ ਕਦੇ ਆਉਦੇ ਨੇ,
ਫੜਕੇ ਹੈ ਕੌਣ ਬੈਠਾ,
ਤੇਰੀ ਰਗ ਸਾਹ ਵਾਲੀ ਨੀ॥

ਤੂੰ ਅਖਰੀਲੇ ਸਾਹਾਂ ਤੇ,
ਤੈਨੂੰ ਜਿਉਦਾ ਰੱਖਿਆ ਹੈ,
ਕੁਝ ਤੇਰੇ ਪੁੱਤਾਂ ਨੇ,



ਖ਼ੂਨ ਆਪਣਾ ਦੇਃ ਹਾਲੀਂ ਨੀ॥

'ਭੱਜੀ' ਨੂੰ ਸਮਝ ਨਹੀਂ ਆਉਦੀ,
ਕਿਵੇ ਬਚੇਗੀ ਤੂੰ?
ਜੇ ਖ਼ੂਨ ਨਾ ਹੋਰ ਮਿਲਿਆ,
ਪੁੱਛਦਾ ਇਹ ਸਵਾਲੀ ਨੀ॥

## ਅੱਤਵਾਦੀ

ਕੀ ਕਰਨਾ ਹੁਣ,
ਮੈਨੂੰ ਸਮਝ ਨਾ ਆਵੇ,
ਮੈਂ ਦਿਲ ਦੀ ਨੁਕਰ ਟੋਹਵਾਂ।
ਜੋ ਮਰ ਗਏ ਨੇ,
ਕੌਮ ਦੀ ਖਾਤਰ,
ਕੀ ਮੈਂ ਉਹਨਾਂ ਨੂੰ ਰੋਵਾਂ?
ਜਾਂ ਜੋ ਜਿਊਦਾ,



ਕੋਈ ਕੋਈ ਬਚਿਆ,
ਉਸਦਾ ਸ਼ੁਕਰ ਮਨਾਵਾਂ।
ਪਤਾ ਨਹੀਂ,
ਇਸ ਘੁਪ ਹਨੇਰੇ,
ਮੈਂ ਕਿਧਰ ਨੂੰ ਜਾਵਾਂ।

ਹਰ ਰੋਜ਼ ਜਦੋਂ,
ਕੋਈ ਗੱਲ ਸੁਣਾਉਦਾ,
ਹੈ ਕੋਈ ਨਾ ਕੋਈ ਮਰਦਾ।
ਹੁੰਦਾ ਉਹੋ,
ਇਕਲੌਤਾ ਪੁੱਤਰ,
ਕਿਸੇ ਸਿੱਖ ਦੇ ਘਰ ਦਾ।
ਰਾਤਾਂ ਨੂੰ ਲੋਕ,
ਬਾਹਰ ਨਾ ਨਿਕਲਣ,
ਹੈ ਹਰ ਕੋਈ ਉਥੇ ਡਰਦਾ।
ਸਭ ਲੋਕ ਨੇ,
ਇਸ ਗਲੋਂ ਜਾਣੂ,
ਕੌਣ ਜ਼ੁਲਮ ਹੈ ਕਰਦਾ?

ਮਜ਼ਲੂਮਾਂ ਨੇ,
ਜੇ ਰਖਿਆ ਖਾਤਿਰ,
ਹੱਥ ਤਲਵਾਰ ਨੂੰ ਪਾਇਆ।
ਉਸ ਜ਼ਾਲਮ ਨੇ,
ਹਰ ਗਲੀ ਮੁੱਹਲੇ,
'ਅੱਤਵਾਦੀ' ਦਾ ਸ਼ੋਰ ਮਚਾਇਆ।
ਘਰ ਘਾਟ ਛੱਡ,
ਮੈਂ ਜੰਗਲੀ ਫਿਰਦਾ,
ਉਹਦੇ ਜ਼ੁਲਮ ਸਤਾਇਆ,
ਹੁਣ ਚਾਹੇ ਅੱਤਵਾਦੀ ਕਹੋ,
ਜਾਂ ਵੱਖਵਾਦੀ ਕਹੋ,
ਰਾਹ 'ਭੱਜੀ' ਨੇ ਇਹ ਅਪਣਾਇਆ।।

## ਬਦਲਾ

ਇਕ ਸਿਵੇ ਤੋਂ ਅੱਗ ਮੈ ਚੁੱਕ ਕੇ,
ਦੂਜੇ ਨੂੰ ਲਾਬੂ ਲਾਵਾਂ॥
ਇਕ ਇਕ ਕਰਕੇ ਸਾਥੀ ਤੁਰ ਗਏ,
ਮੈਨੂੰ ਛੱਡ ਤੁਰਿਆ ਪਰਛਾਵਾਂ॥
ਘਰ ਮੇਰੇ ਹੁਣ ਬਰਾਤ ਨਾ ਢੁੱਕਦੀ,
ਪਰ ਢੁੱਕਦੀਆਂ ਰੋਜ਼ ਮਕਾਣਾਂ॥
ਸਿਰ ਉਤੇ ਕਫਨ ਮੈ ਬੰਨ ਕੇ,
ਡੇਰਾ ਲਾਇਆ ਵਿੱਚ ਮਸਾਣਾਂ॥

ਸਿਵਿਆਂ ਦਾ ਇਕ ਪੱਥਰ ਬਣ ਕੇ,
ਮੈ ਮੌਤ ਸਿਰ੍ਹਾਣੇ ਖੜਿਆ॥
ਅੱਜ ਮੈਥੋਂ ਹੈ ਮੌਤ ਭੀ ਡਰਦੀ,
ਮੈਨੂੰ ਮੌਤ ਦਾ ਭੈਅ ਨਾ ਅੜਿਆ॥



ਸਿਵਿਆਂ ਦੇ ਇਸ ਪੱਥਰਾਂ ਵਿਚੋਂ,
ਜਮਰਾਜ ਤੈ ਆਪਣਾ ਘੜਿਆ॥
ਬਣਕੇ ਤੇਰੀ ਮੌਤ ਅੱਜ ਮੈਂ,
ਕਾਲ ਦੇ ਘੋੜੇ ਚੜਿਆ॥
ਖੋਲ ਕੇ ਤੇਰੀ ਕੁੰਡਲੀ ਦੇਖੀ,
ਨਾਲੇ ਪਤਰੀ ਨੂੰ ਪੜਿਆ॥
ਤੇਰਾ ਹੀ ਅਜ ਸ਼ਨੀ ਦੇਵਤਾ,
ਤੇਰੇ ਵਿਹੜੇ ਵੜਿਆ॥
ਕਾਲ ਤੇਰਾ ਅੱਜ ਵੱਸ ਹੈ ਮੇਰੇ,
ਮੈ ਹੱਥ ਬੰਦੂਕ ਨੂੰ ਫੜਿਆ॥
ਮੈ ਘੁੰਮਦਾ ਫਿਰਦਾ ਨਾਲ ਆਜ਼ਾਦੀ,
ਤੂੰ ਆਪਣੇ ਘਰ ਹੈ ਤੜਿਆ॥

ਸਿਵਿਆਂ ਦੀ ਮਿੱਟੀ ਨੂੰ ਚੁੱਕ ਕੇ,
ਮੈ ਸੁੰਹ ਅੱਜ ਇਹ ਹੈ ਖਾਧੀ॥
ਜਿਸ ਮੇਰੇ ਘਰ ਮੌਤ ਹੈ ਵਾੜੀ,
ਉਸਦੀ ਕਰ ਦਿਆਂਗਾ ਬਰਬਾਦੀ॥
ਜਿਥੇ ਦੀ ਵੀ ਮੈ ਹੁਣ ਲੰਘਿਆ,
ਪਿਛੇ ਰੋਣਗੇ ਮੇਰੇ ਸਿਆਪੇ॥
ਜਿਵੇ ਅੱਜ ਹੈ ਮੇਰੇ ਰੋਂਦੇ,
ਉਂਜ ਰੋਣਗੇ ਉਸਦੇ ਮਾਪੇ॥

ਹੁਣ ਜਦ ਤੱਕ ਮੈ ਹਾਂ ਜਿਊਂਦਾ,
ਤੈਨੂੰ ਰਾਮ ਨਾਲ ਨਾ ਬਹਿਣ ਦਿਆਂਗਾ॥
ਤੂੰ ਮੇਰਾ ਜਿਊਣਾ ਔਖਾ ਕੀਤਾ,
ਤੈਨੂੰ ਸੁਖ ਦਾ ਸਾਹ ਨਾ ਲੈਣ ਦਿਆਂਗਾ॥

'ਭੱਜੀ' ਆਦਮੀ ਭਾਂਵੇ ਇਕ ਦਮ ਦਾ ਮੈ,
ਆਖਰ ਇਹਨਾਂ ਦਮਾਂ ਮੁਕ ਜਾਣਾ॥
ਪਰ ਮੇਰੇ ਦਮ ਮੁਕਣ ਤੋਂ ਪਹਿਲਾਂ,
ਮੈ ਤੇਰਾ ਹੈ ਤੁਖਮ ਮਿਟਾਣਾ॥

## ਖੂੰਨੀ

ਖੂੰਨ ਕਰੇ ਜੋ ਇਨਸਾਨ ਦਾ,
ਉਹ ਫਾਂਸੀ ਚੜ੍ਹਦਾ।
ਮਾਰੇ ਜੋ ਇਨਸਾਨੀਅਤ,
ਉਹਨੂੰ ਕੋਈ ਨਾ ਫੜਦਾ।
ਉਹਦੀ ਕਾਰ ਅਗੇ ਝੰਡੀਆਂ,
ਉਹ ਤਖਤ ਜਾ ਚੜ੍ਹਦਾ।



ਲੋਕੀਂ ਝੁੱਕ ਝੁੱਕ ਕਰਨ ਸਲਾਮਾਂ,
ਕੋਈ ਅੱਗੇ ਨਾ ਅੜ੍ਹਦਾ।
ਝੂਠ ਜਿਥੇ ਪ੍ਰਧਾਨ ਹੈ,
ਉਥੇ ਸੱਚ ਨਾ ਖੜਦਾ।
ਹੱਥੀ ਅੱਗ ਲਾ ਉਸ ਨੇ,
ਤਕਿਆ ਘਰ ਸਿੱਖਾਂ ਦਾ ਸੜਦਾ।
ਹਰ ਕੋਈ ਭੇਦ ਇਹ ਜਾਣਦਾ,
'ਭੱਜੀ' ਕੋਈ ਨਹੀਂ ਪੜ੍ਹਦਾ।
ਜਿਸ ਆਵਾਜ਼ ਉਠਾਈ ਹੱਕ ਦੀ,
ਉਸ ਨੂੰ ਹੀ ਜੇਲ੍ਹੀ ਤੜਦਾ।

## ਚੁੱਪ

ਕਿਹਨੂੰ ਸੁਣਾਵਾਂ ਕੋਈ ਨਹੀਂ ਸੁਣਦਾ,
ਇਸ ਕਰਕੇ ਮੈਂ ਚੁਪ ਰਹਿੰਦਾ ਹਾਂ।
ਲੋਕੀਂ ਇਹ ਕੰਨਾਂ ਤੋਂ ਬੋਲੇ,
ਇਸ ਕਰਕੇ ਨਾ ਮੈਂ ਕੁਛ ਕਹਿੰਦਾ ਹਾਂ॥

ਆਪਣੇ ਲੱਬ ਮੈਂ ਹੁਣ ਤਾਈ ਸੀਤੇ,
ਸਭ ਜ਼ੁਲਮ ਉਹਨਾਂ ਦੇ ਮੈਂ ਸਹਿੰਦਾ ਹਾਂ।
ਦਿਲ ਮੇਰੇ ਦਾ ਨਾਸੂਰ ਹੈ ਭਰਿਆ,
ਫਿਸ ਜਾਏਗਾ ਜੇ ਚੁੱਪ ਰਹਿੰਦਾ ਹਾਂ।
'ਭੱਜੀ' ਇਸ ਲਈ ਰਸਤਾ ਇਹ ਵੱਖਰਾ ਫੜਿਆ,
ਮਰ ਜਾਵਾਂਗਾ ਜੇ ਹੁਣ ਮੈਂ ਚੁੱਪ ਬਹਿੰਦਾ ਹਾਂ॥



## ਅਰਸ਼

ਅਰਸ਼ਾਂ ਵਰਗੀ ਧਰਤੀ ਉਤੇ,
ਜਿਥੇ ਵਗਦੇ ਸਤਲੁਜ ਬਿਆਸਾ।
ਅੰਮ੍ਰਿਤ ਦਾ ਕੁੰਡ ਉਥੇ ਭਰਿਆ,
ਪਰ ਹਰ ਕੋਈ ਦਿਸੇ ਪਿਆਸਾ॥

ਹਰ ਘਰ ਅੰਦਰ ਕੋਈ ਮਰਿਆ,
ਕਿਸ ਕਿਸ ਨੂੰ ਦੇਵਾਂ ਦਿਲਾਸੇ।

ਇਕ ਖਾਂ ਹੋਵੇ ਤਾਂ ਮੈ ਬੁੱਝਾਂ ਲਾਂ,
ਪਰ ਅੱਗ ਲਗੀ ਹਰ ਪਾਸੇ॥
ਖੁਸ਼ੀਆਂ ਗਈਆਂ ਮਾਰ ਉਡਾਰੀ,
ਦੂਰ ਭੱਜ ਗਏ ਹਾਸੇ॥
ਹਰ ਚਿਹਰੇ ਕੋਈ ਭੇਦ ਛੁਪਾਇਆ,
ਦਿਸਣ ਸਭ ਉਦਾਸੇ॥

ਸੱਚ ਧਰਮ ਉੱਥੋਂ ਭੱਜ ਖਲੋਇਆ,
ਭਾਰੂ ਹੋਇਆ ਜ਼ਾਲਮ।
ਕੌਣ ਕੌਣ ਉਥੇ ਗੁਨਾਹਗਾਰ ਹੈ,
ਇਹ ਜਾਣੇ ਸਾਰਾ ਆਲਮ॥

ਪਰ ਜ਼ੁਲਮੀ ਦੇ,
ਜ਼ੁਲਮ ਤੋਂ ਡਰਦਾ,
ਕੋਈ ਮੂੰਹ ਨਾ ਖੋਲ੍ਹੇ।
ਲੋਕੀ ਉਥੇ ਰੋਂਦੇ ਤੱਕੇ,
ਲੱਗ ਕੰਧਾਂ ਦੇ ਉਹਲੇ।
ਨਾ ਕੋਈ ਉਥੇ ਬਰਾਤ ਹੀ ਆਵੇ,
ਨਾ ਹੁਣ ਉਥੇ ਉਠਦੇ ਡੋਲੇ।
ਸਹਿਮੀਆਂ ਬੈਠੀਆਂ ਉਥੇ ਨੱਢੀਆਂ,
ਛੱਡ ਕੇ ਗੁੱਡੀਆਂ ਪਟੋਲੇ॥

ਭਾਗ ਦੇਖੋ ਮੇਰੀ ਇਸ ਧਰਤੀ ਦੇ,
ਇਹ ਜਲ ਜਲ ਹੋਈ ਕੋਲੇ,
ਮਾਲਕ ਮੇਰੇ ਪੰਜਾਬ ਦੇ ਲੋਕੀਂ,
ਅੱਜ ਬਣ ਕੇ ਰਹਿ ਗਏ ਗੋਲੇ।

ਫੌਜੀ ਲੈ ਬੰਦੂਕਾਂ ਫਿਰਦੇ,
ਵਾਂਗ ਡਾਕੂਆਂ ਟੋਲੇ॥
ਚੋਰ ਖੁਲ੍ਹੇਆਮ ਨੇ ਫਿਰਦੇ,
ਪਾ ਖੱਦਰ ਦੇ ਚੋਲੇ॥



ਅੱਜ 'ਭੱਜੀ' ਦੇ ਪੰਜਾਬ ਤੇ ਰੱਬਾ,
ਇਹ ਕੈਸਾ ਵਖਤ ਹੈ ਆਇਆ॥
ਜ਼ਾਲਮ ਨੂੰ ਤਾਂ ਕੀ ਆਉਣਾ ਸੀ,
ਤੈਨੂੰ ਭੀ ਤਰਸ ਨਾ ਆਇਆ॥
ਭੇਜ ਰੱਬਾ ਕੋਈ ਯੋਧਾ ਭਾਰਾ,
ਜੋ ਜ਼ਾਲਮ ਨੂੰ ਏਥੋਂ ਕੱਢੇ॥
ਸੱਚ ਧਰਮ ਦਾ ਵਾਸਾ ਹੋਵੇ,
ਜੜ੍ਹ ਜ਼ੁਲਮ ਦੀ ਵੱਢੇ॥

# ਟੁੱਟੇ ਬੋਰ

ਤੇਰੇ ਯਾਰ ਪੱਤ ਕਲ ਮੇਰੀ ਲੁੱਟੀ,
ਨਹੀਂ ਕਿਸੇ ਨੇ ਹੋਰ ਵੇ।।
ਮੈਨੂੰ ਸੀ ਐਨਾ ਧੱਕਾ ਲੱਗਾ,
ਮੈਂ ਮਚਾ ਨਾ ਸਕੀ ਸ਼ੋਰ ਵੇ।।
ਮੈਲੀ ਅੱਖ ਨਾਲ ਕਿੰਨੀ ਦੇਰ ਤੱਕ,
ਉਹ ਵੇਹਦਾ ਰਿਹਾ ਮੇਰੀ ਟੋਰ ਵੇ।।
ਫੇਰ ਕਹਿ ਮੈਨੂੰ 'ਭਾਬੀ' 'ਭਾਬੀ',
ਉਹ ਰਿਹਾ ਸੀ ਠਰਕ ਭੋਰ ਵੇ।।
ਉੱਤੋਂ ਮੋਮੋਂ ਠਗਣਾ ਲਗੇ,
ਉਹ ਦਿਲ ਦਾ ਬੜਾ ਕਠੋਰ ਵੇ।।
ਜੇ ਹੁਣ ਭੀ ਤੂੰ ਯਕੀਨ ਕਰ ਬੈਠਾ,
ਹੋਵੇਗਾ ਅਨਰਥ ਘੋਰ ਵੇ।।
ਜਿਹੜਾ ਕਹਿੰਦਾ ਸੀ ਮੈਨੂੰ ਭਾਬੀ,
ਉਹ ਤੇਰੀ ਪੱਤ ਦਾ ਚੋਰ ਵੇ।।
'ਭੱਜੀ' ਭੱਜੀਆਂ ਵੰਗਾਂ ਦੇਣ ਗਵਾਹੀ,
ਨਾਲੇ ਝਾਂਜਰਾਂ ਦੇ ਟੁੱਟੇ ਬੋਰ ਵੇ।।






# ਇਕ ਰਾਤ

ਕਾਲੀ ਬੋਲੀ ਰਾਤ ਸੀ ਉਹ,
ਤਾਰੇ ਟਿਮ ਟਿੱਮ ਕਰਦੇ।
ਸੜਕਾਂ ਸੀ ਉਥੇ ਸੁੰਨਮ ਸੁੰਨੀਆਂ
ਸਭ ਕਰਫਿਊ ਤੋਂ ਡਰਦੇ।
ਹੌਲੀ ਹੌਲੀ ਨਹਿਰ ਸੀ ਚੱਲਦੀ,
ਸਾਂ ਸਾਂ ਸਰ ਸੀ ਕਰਦੇ।
ਦਰਖਤ ਖੜੇ ਸੀ ਵਿੱਚ ਕਤਾਰਾਂ,
ਜਿਉ ਫੌਜੀ ਵੱਡੇ ਸਾਹਿਬ ਤੋਂ ਡਰਦੇ।




ਦੂਰ ਦੁਰਾਡੇ ਖੇਤਾਂ ਦੇ ਵਿੱਚ,
ਗਿੱਦੜ ਕੂਕਾਂ ਮਾਰਨ।
ਇਉ ਜਾਪੇ ਕਿਸੇ ਹੋਣੀ ਦਾ,
ਜਿਉ ਵੱਜਦਾ ਹੋਵੇ ਸਾਰਨ।
ਕਾਲੀ ਬੋਲੀ.........।

ਠਾਣੇ ਦਾ ਦਰਵਾਜ਼ਾ ਖੁਲ੍ਹਿਆ,
'ਵੱਡਾ ਸਾਹਿਬ' ਸੀ ਆਇਆ।
ਪੇਸ਼ ਕਰੇ ਉਹ ਦੋਨੋਂ ਸਿੱਖ,
ਉਸ ਨੇ ਇਹ ਫੁਰਮਾਇਆ।
ਠਾਣੇਦਾਰ ਕਿਹਾ ਬੈਠੋ ਸਾਹਿਬ,
ਮੈ ਹੁਣੀ ਹੀ ਲੈ ਕੇ ਆਇਆ।
ਕੁਰਸੀ ਛੱਡ ਉਹ ਖੜ੍ਹਾ ਹੋ ਗਿਆ,
ਨਾਲੇ ਚਾਹ ਪਾਣੀ ਮੰਗਵਾਇਆ।
ਕਾਲੀ ਬੋਲੀ ਰਾਤ......।

ਮੁੱਛ ਫੁੱਟ ਸੀ ਉਹ ਦੋਨੋਂ ਗੱਭਰੂ,
ਇਕ ਦੀਪਾ, ਇਕ ਜੀਤਾ।
ਗੁੱਝੀਆਂ ਮਾਰਾਂ ਮਾਰ ਕੇ,
ਬੁਰਾ ਹਾਲ ਸੀ ਕੀਤਾ।
ਪੱਗਾਂ ਗੱਲ ਵਿੱਚ ਪਈਆਂ ਉਨ੍ਹਾਂ ਦੇ,
ਕੱਪੜੇ ਲਹੂ ਨਾਲ ਲਿੱਬੜੇ ਹੋਏ।
ਧੌਣਾਂ ਹਾਲੇ ਭੀ ਨਹੀਂ ਸੀ ਝੁੱਕੀਆਂ
ਭਾਂਵੇ ਕੁੱਟ ਕੁੱਟ ਕੀਤੇ ਸੀ ਅੱਧ-ਮੋਏ।

ਇੰਜ ਜਾਪੇ ਅੱਜ ਦੋ ਸਾਹਿਬਜ਼ਾਦੇ,
ਫਿਰ ਨੇ ਸੂਬੇ ਅੱਗੇ ਖਲੋਏ।
ਅੱਖੀਆਂ ਭੱਖਣ ਵਾਂਗ ਅੰਗਿਆਰਾਂ
ਬੁੱਲ ਭਾਂਵੇ ਸੀ ਸੀਤੇ ਹੋਏ।
ਕਾਲੀ ਬੋਲੀ ਰਾਤ.......।



ਤੱਕ ਉਨ੍ਹਾਂ ਵੱਲ ਸਾਹਿਬ ਬੋਲਿਆ,
ਮੈਨੂੰ ਪਤਾ ਤੁਸੀਂ ਕੁਝ ਨਹੀਂ ਕੀਤਾ।
ਐਵੇ ਭੁਲੇਖੇ ਵਿੱਚ ਫੜ ਲਿਆਏ,
ਇਹ ਤੁਹਾਨੂੰ ਦੀਪਾ ਤੇ ਜੀਤਾ।
ਜਾਓ ਇਨ੍ਹਾਂ ਨੂੰ 'ਘਰ' ਛੱਡ ਆਉ।
ਹੁਕਮ ਉਸ ਠਾਣੇਦਾਰ ਨੂੰ ਦਿੱਤਾ।
ਠਾਣੇਦਾਰ ਤੇ ਚਾਰ ਸਿਪਾਹੀ,
ਲੈ ਉਨ੍ਹਾਂ ਨੂੰ ਜੀਪ ਵਿੱਚ ਬਹਿ ਗਏ।
ਫੇਰ ਉਹ ਇਕ ਸੜਕੇ ਪੈ ਕੇ,
ਪਤਾ ਨਹੀਂ ਕਿਧਰ ਨੂੰ ਲੈ ਗਏ।
ਕਾਲੀ ਬੋਲੀ ਰਾਤ.........।

ਇਕ ਨਹਿਰ ਦੇ ਕੰਢੇ, ਸੁੰਨੀ ਜਗ੍ਹਾਂ,
ਜੀਪ ਸੀ ਆਣ ਖਲੋਈ।
ਟਿਮ-ਟਿਮ ਕਰਦੇ, ਤਾਰੇ ਤੇ ਹਾਲੇ ਭੀ ਸੀ,
ਪਰ ਨਹਿਰ ਸ਼ਾਤ ਸੀ ਹੋਈ।
ਪੂਰੀ ਸੀ ਖਾਮੋਸ਼ੀ ਉਥੇ,
ਪੱਤਾ ਨਾ ਹਿੱਲੇ ਕੋਈ।
ਇਕ ਦਮ ਉਨ੍ਹਾਂ ਨੂੰ, ਇੰਝ ਜਾਪਿਆ,
ਹੁਣ ਵਰਤੇਗਾ ਭਾਣਾ ਕੋਈ।।
ਪਰ ਹੋ ਸਕਦਾ ਹੈ, ਸੜਕ ਦੇ ਕਰਕੇ,
ਜੀਪ ਖਰਾਬ ਹੈ ਹੋਈ।
ਐਨੇ ਚਿਰ ਨੂੰ, ਸਿਪਾਹੀਆਂ ਵੱਲ ਤੱਕਦੇ
ਉਹ ਖਚਰਾ ਜਿਹਾ ਮੁਸਕਾਇਆ।
ਉਤਰੋ, ਘਰ ਆ ਗਿਆ ਤੁਹਾਡਾ,
ਠਾਣੇਦਾਰ ਨੇ ਇਹ ਫੁਰਮਾਇਆ।
ਕਾਲੀ ਬੋਲੀ ਰਾਤ .........।

ਹੇਠ ਉਤਰ ਕੇ ਜੀਪ 'ਚੋਂ ਉਨ੍ਹਾਂ
ਮਸਾਂ ਹਾਲੇ ਚਾਰ ਕਦਮ ਸੀ ਪੁੱਟੇ।
ਤਾੜ ਤਾੜ ਦੀ ਆਵਾਜ਼ ਆਈ ਤੇ

ਦੋ ਫੁੱਲ ਹੋਰ ਟਹਿਣੀਓਂ ਟੁੱਟੇ।
ਗੋਲੀਆਂ ਨਾਲ ਅਸਮਾਨ ਗੂੰਜਿਆ,
ਦਰਖਤਾਂ ਤੋਂ ਚਿੜੀਆਂ ਕੁਰਲਾਈਆਂ।
ਅੱਜ ਦੋ ਵੀਰ ਭੈਣਾਂ ਤੋਂ ਵਿਛੜੇ,
ਰੋ ਰੋ ਖੱਪਣ ਗੀਆਂ ਮਾਂ ਦੀਆਂ ਜਾਈਆਂ।

ਦੂਜੇ ਦਿਨ ਅਖਬਾਰ ਵਿੱਚ ਪੜ੍ਹਿਆ,
ਦੋ 'ਅੱਤਵਾਦੀ' ਪੁਲੀਸ ਨੇ ਮਾਰੇ।
ਉਨ੍ਹਾਂ ਪੁਲੀਸ 'ਤੇ ਸੀ ਹਮਲਾ ਕੀਤਾ,
ਕੀਤੇ ਸੀ ਕਈ ਹੋਰ ਭੀ ਕਾਰੇ।
ਕਾਲੀ ਬੋਲੀ ਰਾਤ.....।

ਉਸ ਦਿਨ ਜਦ ਉਨ੍ਹਾਂ ਦਾ ਬਾਪੂ,
ਗਹਿਣੇ ਵੇਚ ਸੀ ਠਾਣੇ ਆਇਆ।
ਛੱਡੋ ਮੇਰੇ ਦੋਨੋਂ ਪੁੱਤਰ,
ਆਹ ਲਓ ਤੁਹਾਡੀ ਮਾਇਆ।
ਪੂਰਾ ਕਰੋ ਤੁਸੀਂ ਆਪਣਾ ਵਾਅਦਾ,
ਮੈ ਆਪਣਾ ਹੈ ਫਰਜ਼ ਨਿਭਾਇਆ।
'ਅਸੀਂ ਨਹੀਂ ਫੜ੍ਹਿਆ ਉਨ੍ਹਾਂ ਨੂੰ'
ਠਾਣੇਦਾਰ ਖੋਲ੍ਹ ਰਜਿਸਟਰ ਦਿਖਾਇਆ।
ਇਹ ਸੁਣ, ਉਸ ਬੁੱਢੜੇ ਬਾਪੂ ਦੇ,
ਸਾਰੇ ਹੀ ਅਰਮਾਨ ਸੀ ਸੁੱਕੇ।
ਬਿੱਟ ਬਿੱਟ ਉਹ, ਉਸ ਵੱਲ ਪਿਆ ਤੱਕੇ,
ਫੇਰ ਉਸ ਦੇ ਹੰਝੂ ਨਾ ਰੁਕੇ।
ਉਹ ਸੀ, ਮੇਰਾ ਦੀਪਾ, ਜੀਤਾ,
ਜੋ ਇਹ ਕਹਿੰਦੇ ਅੱਤਵਾਦੀ ਫੂਕੇ।
ਕਾਲੀ ਬੋਲੀ ਰਾਤ......।

ਅੱਖਾਂ ਬੰਦ ਕਰ ਉਸ ਅਰਜ਼ ਗੁਜ਼ਾਰੀ,
'ਬਾਬਾ ਮਿੱਠਾ ਤੇਰਾ ਭਾਣਾ'।
ਪਿੱਛੇ ਸਦਮਾ ਝੱਲਣ ਦਾ ਬਲ ਬਖਸ਼ੀ



ਉਨ੍ਹਾਂ ਨੂੰ ਆਪਣੇ ਚਰਨੀ ਲਾਣਾ।
ਇਸ ਪਿੰਜਰ ਦਾ ਮੈ ਹੁਣ ਕੀ ਕਰਨਾ
ਇਹ ਭੀ ਲੇਖੇ ਕੌਮ ਦੇ ਲਾਣਾ।
ਫੇਰ ਉਸ ਜਦ ਖੋਲ੍ਹੀਆਂ ਅੱਖਾਂ,
ਦੇਖ ਉਨ੍ਹਾਂ ਵੱਲ ਡਰ ਪਿਆ ਆਵੇ।
ਠਾਣੇਦਾਰ ਸੀ,ਸਹਿਮਿਆ ਬੈਠਾ,
ਪਤਾ ਨਹੀਂ ਉਹ ਕੀ ਕਰ ਜਾਵੇ।
ਇੰਝ ਲੱਗਾ ਜਿਉ, ਦਿਲ ਹੀ ਦਿਲ ਵਿੱਚ,
ਉਹ ਖੜ੍ਹਾ ਕੋਈ ਮਤਾ ਪਕਾਵੇ।
ਕਾਲੀ ਬੋਲੀ ਰਾਤ.......।

ਚੁੱਪ ਚਾਪ ਉਹ ਬਾਹਰ ਤੁਰ ਗਿਆ,
ਕਿਸੇ ਨੂੰ ਉਸ ਕੁੱਛ ਕਿਹਾ ਨਾ ਕਾਈ।
ਠਾਣੇਦਾਰ ਫਿਰ ਸੰਭਲ ਕੇ ਬੈਠਾ,
ਉਹ ਨੂੰ ਕੁੱਛ ਸੁੱਖ ਦੀ ਸਾਹ ਆਈ।
ਜੋ ਸੀ ਉਸ ਦੀ ਸਾਰੀ ਪੂੰਜੀ,
ਉਸ ਜਾ ਕੇ ਬੰਦੂਕ ਤੇ ਲਾਈ।
ਠਾਣੇ ਤੇ ਆ ਹਮਲਾ ਕੀਤਾ,
ਬੈਠੇ ਸੀ ਪੁਲਸੀਏ ਜਸ਼ਨ ਮਨਾਈ।
ਠਾਣੇਦਾਰ ਉਸ ਮਾਰ ਮੁਕਾਇਆ,
ਫੱਟੜ ਕੀਤੇ ਚਾਰ ਸਿਪਾਹੀ।
ਫੇਰ ਖੁਦ ਸ਼ਹੀਦ ਹੋ ਗਿਆ।
ਉਹਦੇ ਦਿਲ ਨਹੀਂ ਸੀ ਹੋਰ ਚਾਹ ਕਾਈ।
ਕਾਲੀ ਬੋਲੀ ਰਾਤ........।

ਪਿੱਛੇ ਛੱਡ ਗਿਆ, ਸਾਥਣ ਤੇ ਧੀਆਂ,
ਪਰ ਆਪਣੇ ਪੁੱਤਰਾਂ ਦਾ ਬਦਲਾ ਲੀਤਾ।
ਜਦੋਂ ਪਤਾ ਸਭ, ਲੱਗਾ ਉਨ੍ਹਾਂ ਨੂੰ,
ਤਿੰਨਾਂ ਰਲ ਕੇ ਜ਼ਹਿਰ ਸੀ ਪੀਤਾ।
ਪੜ੍ਹਿਆ ਫੇਰ, ਮੈ ਵੱਡੀ ਸੁਰਖੀ ਹੇਠਾਂ,

ਵੱਡੇ ਸਾਹਿਬ ਨੇ ਕੀ ਕੀ ਕੀਤਾ।
ਅੱਤਵਾਦੀਆਂ ਦੀ, ਇਕ ਵੱਡੀ ਟੁਕੜੀ ਨੇ,
ਠਾਣੇ ਤੇ ਸੀ ਹਮਲਾ ਕੀਤਾ।
ਭੱਜਣ ਵਿੱਚ ਉਹ ਕਾਮਯਾਬ ਹੋ ਗਏ
ਪਰ ਪੁਲੀਸ ਨੇ ਡੱਟ ਮੁਕਾਬਲਾ ਕੀਤਾ।
ਠਾਣੇਦਾਰ ਸੀ, ਬਹੁਤ ਬਹਾਦਰ,
ਟੱਬਰ ਨੂੰ ਇਕ ਲੱਖ ਇਨਾਮ ਸੀ ਦਿੱਤਾ।
ਕਾਲੀ ਬੋਲੀ ਰਾਤ.........।

ਪਰ ਉਹ ਛੇ ਲਾਸ਼ਾਂ ਜਦ,
ਇਕ ਵਿਹੜੇ ਵਿੱਚ, ਇੱਕਠੀਆਂ ਹੋਈਆ।
ਰਲ ਪਿੰਡ ਵਾਲਿਆਂ, ਸੰਸਕਾਰ ਸੀ ਕੀਤਾ,
ਗੁਆਢਣਾਂ ਆਪਣੀ ਬੇਵੱਸੀ ਤੇ ਰੋਈਆਂ।
'ਭੱਜੀ' ਕਿਸੇ ਨਾ, ਅਖਬਾਰ 'ਚ ਪੜ੍ਹਿਆ,
ਇਹ ਜਿੰਦੜੀਆਂ ਕਿਉ ਗਈਆਂ ਖੋਈਆ।
ਕਾਲੀ ਬੋਲੀ, ਰਾਤ ਸੀ ਉਹ ਭੀ,
ਪਰ ਬੱਦਲਾਂ ਤਾਰੇ ਅੱਜ ਆ ਲਕੋਏ।
ਗਿੱਦੜ ਭੀ ਅੱਜ, ਨਾਂ ਕੂਕਾਂ ਮਾਰਨ
ਉਹ ਉਸ ਰਾਤ ਦੇ ਸੀ ਡਰੇ ਹੋਏ।





## ਥਾਣਾ

ਮੇਰੇ ਸੋਹਣੇ ਪੰਜਾਬ ਤੇ,
ਅੱਜ ਦੁੱਖਾਂ ਤੰਬੂ ਤਾਣੇ॥
ਬੁੱਚੜਖਾਨੇ ਬਣ ਗਏ,
ਅੱਜ ਏਥੋਂ ਦੇ ਥਾਣੇ॥
ਇਹ ਰਖਵਾਲੇ ਕੌਮ ਦੀ,
ਅੱਜ ਬਣੇ ਆਦਮ ਖਾਣੇ॥

ਲੁੱਚੇ ਲੰਡੇ ਸਮਝਦੇ ਉਥੇ,
ਅੱਜ ਖੁਦ ਨੂੰ ਰਾਣੇ॥
ਮਸੇ ਰੰਗੜ ਬਣ ਗਏ,
ਅੱਜ ਇਹ ਅੰਨ੍ਹੇ ਕਾਣੇ॥
ਬਦਮਾਸ਼ਾਂ ਗੁੰਡਿਆਂ ਨਾਲ ਹੈ,
ਅੱਜ ਇਹਨਾਂ ਦੀ ਯਾਰੀ॥
ਸਿੱਖਾਂ ਨੂੰ ਖਤਮ ਕਰਨ ਦੀ,
ਅੱਜ ਪੂਰੀ ਤਿਆਰੀ॥
ਖੁੱਲ੍ਹੀ ਛੁੱਟੀ ਇਹਨਾਂ ਨੂੰ,
ਅੱਜ ਹੁਕਮ ਸਰਕਾਰੀ॥

ਚੋਰਾਂ ਯਾਰਾਂ ਡਾਕੂਆਂ ਦੇ,
ਅੱਜ ਇਹ ਬਣ ਗਏ ਅੱਡੇ॥
ਫੇਰ ਫੜ ਕੇ ਲੈ ਆਂਵਦੇ,
ਜੋ ਹਾਲੇ ਕੱਲ ਸੀ ਛੱਡੇ॥
ਰਿਸ਼ਵਤਾਂ ਲੈ ਨਾ ਰੱਜਦੇ,
ਇਹਨਾਂ ਬੜੇ ਮੂੰਹ ਟੱਡੇ॥
ਮਿਲ ਪਵੇ ਜੇ ਕੋਈ ਜੁਝਾਰੂ,
ਇਹ ਨਾ ਸਾਹਮਣੇ ਖੜ੍ਹਦੇ॥
ਦੂੰਬ ਦਬਾ ਕੇ ਭੱਜਦੇ,
ਇਹ ਨਾ ਉਹਨਾਂ ਨਾਲ ਲੜਦੇ॥

ਜਦ ਦਿਲ ਵਿੱਚ ਆਵੇ ਇਹਨਾਂ ਦੇ,
ਲੋਕਾਂ ਦੇ ਘਰੀਂ ਜਾ ਵੜਦੇ॥
ਜ਼ੁਲਮ ਇਹ ਢੌਂਦੇ ਕਹਿਰ ਦਾ,
ਜਾ ਬੇਦੋਸ਼ਾਂ ਨੂੰ ਫੜਦੇ॥

ਤਸੀਹ ਦੇ ਦੇ ਮਾਰਦੇ,
ਇਹ ਗਭਰੂ ਅਣਖੀਲੇ॥
ਮਾਂ ਪਿਉ ਬੇਬੱਸ ਤਕਦੇ,
ਨਾ ਚਲਣ ਕੋਈ ਹੀਲੇ॥



ਖਤਮ ਕਰ ਦਿੱਤੇ ਇਹਨਾਂ ਨੇ,
ਉਥੇ ਕਈ ਕਬੀਲੇ॥

ਬਣਾ ਕੇ ਝੂਠੇ ਬਹਾਨੇ ਇਹ,
ਕੁੜੀਆਂ ਫੜ ਲਿਆਂਉਂਦੇ॥
ਇੱਕਠੇ ਕਰਕੇ ਲੀਡਰਾਂ ਨੂੰ,
ਇਹ ਨਿਊਦੇ ਪੌਂਦੇ॥
ਨੰਗੀਆਂ ਕਰਕੇ ਉਹਨਾਂ ਨੂੰ,
ਇਹ ਫਿਰ ਨਚਾਉਂਦੇ॥
ਅੰਨ੍ਹੇ ਹੋ ਕੇ ਸ਼ਰਾਬ ਨਾਲ,
ਇਹ ਆਪਣੀ ਹਵੱਸ ਬੁਝਾਂਉਂਦੇ॥
ਪਹਿਲਾਂ ਚੌਧਰੀ ਭੁਗਤਦੇ,
ਫੇਰ ਕਈ ਹੋਰ ਭੁਗਤਉਂਦੇ॥
ਧੱਕੇ ਮਾਰ ਕੇ ਕੱਢਦੇ,
ਜਾਂ ਫਿਰ ਮਾਰ ਮੁਕਾਉਂਦੇ॥
ਕੱਸ ਕੱਸ ਮੇਹਨੇ ਮਾਰਦੇ,
ਨਾਲੇ ਕਹਿ ਕਹੇ ਲਾਉਂਦੇ॥

ਸਿੰਘੋ ਆਖਦੇ ਸੋ, "ਅਸਾਂ,
ਲੋਕਾਂ ਦੀਆਂ ਧੀਆਂ ਬਚਾਈਆਂ॥'
ਹਿੰਮਤ ਹੈ ਤਾਂ ਬਚਾ ਲਵੋ,
ਜੋ ਤੁਹਾਡੇ ਘਰੀਂ ਜਾਈਆਂ॥
ਜਦ ਚਿਤ ਕੀਤਾ ਅਸੀਂ ਲੁੱਟੀਆਂ,
ਜਦ ਦਿਲ ਆਈ ਉਦੋਂ ਨਚਾਈਆਂ॥
ਕਲ ਦੀਆਂ ਤੁਹਾਡੀਆਂ ਸਰਦਾਰਨੀਆਂ,
ਅੱਜ ਸਾਡੀਆਂ ਰਖੇਲਾਂ ਅਖਵਾਈਆ॥"

ਅਸੀਂ ਨਾ ਪਾੜ੍ਹੂੰ ਕੁਲ ਚੋਂ,
ਜੇ ਚੁੱਪ ਰਹਾਂਗੇ॥
ਤੱਕ ਨੰਗੀ ਦਰੋਪਤੀ,
ਨਾ ਕੁੱਛ ਕਹਾਂਗੇ॥

ਹੱਥ ਵਿੱਚ ਤੀਰ ਕਮਾਨ ਲੈ,
ਨਾ ਜ਼ੁਲਮ ਸਹਾਂਗੇ॥
ਧੌਣਾਂ ਨੀਵੀਆਂ ਕਰਕੇ,
ਨਾ ਅਸੀਂ ਬਹਾਂਗੇ॥

ਅਸੀਂ ਹਾਂ ਪੁੱਤ ਗੋਬਿੰਦ ਦੇ,
ਨਾ ਕਿਸੇ ਤੋਂ ਡਰਦੇ॥
ਬੇਪੱਤ ਹੋ ਕੇ ਜੀਣ ਨਾਲੋਂ,
ਅਸੀਂ ਲੜਕੇ ਮਰਦੇ॥
ਪਾਸਾ ਬਦਲਿਆਂ ਵੱਕਤ ਨੇ,
ਅੱਜ ਹੱਥ ਡੋਰ ਤੁਹਾਡੇ॥
ਇਕ ਦਿਨ ਇਹ ਡੋਰ,
ਆਖੀਰ ਆਉਣੀ ਹੱਥ ਅਸਾਡੇ॥
ਉਸ ਦਿਨ ਇਕ ਇਕ ਜ਼ੁਲਮ ਦਾ,
ਅਸਾਂ ਬਦਲਾ ਲੈਣਾ॥
ਤੁਹਾਡੀਆਂ ਸਭ ਕਰਤੂਤਾਂ ਦਾ,
ਤੁਹਾਨੂੰ ਫਲ ਭੁਗਤਣਾ ਪੈਣਾ॥
'ਭੱਜੀ' ਨਾ ਮੱਸਾ ਰੰਘੜ ਛਡਿਆ,
ਨਾ ਕੋਈ ਹੁਣ ਰਹਿਣਾ॥





## ਪੱਤਝੜ

ਪਹਿਲਾਂ ਫੁੱਲ ਮੇਰੇ ਵਿਹੜੇ ਖਿੜਿਆ,
ਪਰ ਮੇਰੇ ਵਤਨੀਂ ਪੱਤਝੜ ਛਾਈ।.
ਦਸ ਖਾਂ ਮੇਰਿਆ ਡਾਢਿਆ ਰੱਬਾ,
ਕਿਉ ਉਥੇ ਬਹਾਰ ਨਾ ਆਈ॥
ਹੂੰਝ ਕੇ ਲੈ ਗਈ ਸਾਰੀ ਖੁਸ਼ਹਾਲੀ
ਇਕ ਹਨੇਰੀ ਆਈ॥

ਪੰਜਾਬ ਮੇਰਾ ਜੋ ਚੰਨ ਪੁੰਨਿਆਂ ਦਾ,
ਬੈਠੀ ਮਸਿਆ ਘੇਰੀ ਪਾਈ।.
ਪੱਤਰ ਟੁੱਟੇ ਟਾਹਣੀਆਂ ਟੁੱਟੀਆਂ,
ਦਿਸੇ ਹਰ ਕਲ੍ਹੀ ਮੁੱਰਝਾਈ॥
ਪੰਜ ਦਰਿਆ ਵੱਗਣ ਜਿਸ ਧਰਤੀ ਤੇ,
ਕਿਉ ਹਾਲੇ ਵੀ ਤ੍ਰਿਹਾਈ॥

ਛਵੀਆਂ ਨੇਜ਼ੇ ਲੈ ਅੱਜ ਫਿਰਦੇ,
ਜਿਹਨੀਂ ਕਦੇ ਸਾਂਝ ਸੀ ਪਾਈ॥
ਭਾਈਆਂ ਨੂੰ ਉਥੇ ਭਾਈ ਮਾਰਨ,
ਤੈਂ ਇਹ ਕੀ ਰੀਤ ਚਲਾਈ॥

ਮਾਲੀ ਨਾਂ ਕਰਨ ਬਾਗ ਦੀ ਰਾਖੀ,
ਫਸਲ ਵਾੜ ਨੇ ਖਾਈ॥
ਹਰਿਅਲ ਇਸ ਤੋਤੇ ਦੀ ਮੈਨਾ,
ਕਿਸ ਅੱਜ ਪਿੰਜਰੇ ਪਾਈ॥
ਵੱਡੇ ਵੱਡੇ ਸਰਦਾਰ ਇਥੋਂ ਦੇ,
ਕਿੰਝ ਅੱਜ ਬਣ ਗਏ ਘਾਈ॥
ਚੂੜ੍ਹਾ ਭੰਨ੍ਹੀ ਅੱਜ ਹੈ ਬੈਠੀ,
ਜੋ ਸੀ ਕਲ੍ਹ ਵਿਆਹੀ॥
ਕਠੀਆਂ ਬਹਿ ਕੇ ਅੱਜ ਰੋਈਆਂ,
ਦੋਵੇ ਨਨਾਣ ਭਰਜਾਈ॥
ਸਿਵਿਆਂ ਕੋਲੋਂ ਆਉਦੀ ਤੱਕੀ,
ਮੈ ਇਕ ਬੁੱਢੜੀ ਮਾਈ॥
ਆਪਣੇ ਇਕਲੌਤੇ ਪੁੱਤ ਦੇ ਫੁੱਲ ਉਹ,
ਅੱਜ ਇੱਕਲੀ ਚੁੱਕ ਕੇ ਲਿਆਈ॥

ਹਾਹਾਕਾਰ ਹਰ ਪਾਸੇ ਮੱਚੀ,
ਹੋਵੇ ਨਾਂ ਕਿਤੇ ਸੁਣਾਈ॥
ਘੂਕਰ ਸੁੱਤੇ ਉਥੋਂ ਦੇ ਰਾਖੇ,
ਕੰਨਾਂ ਵਿੱਚ ਤੂੰਬੇ ਪਾਈ॥



ਸੱਚ ਧਰਮ ਤਾਂ ਖੰਬ ਲਾ ਉਡਿਆ,
ਰਾਜੇ ਬਣੇ ਕਸਾਈ॥

ਜੋ ਕੁੱਝ ਉਥੇ ਹੋ ਰਿਹਾ ਅੱਜਕਲ,
ਉਹਨੂੰ ਰੋਕੇ ਕੋਈ॥
ਤੱਕਕੇ ਹਾਲ ਪੰਜਾਬ ਦਾ,
ਅੱਜ ਹਰ ਪੰਜਾਬਣ ਰੋਈ॥
ਕਿਸੇ ਤਰ੍ਹਾਂ ਤੂੰ ਬਹਾਰ ਲਿਆਂਦੇ,
ਸੁਣ 'ਭੱਜੀ' ਦੀ ਅਰਜੋਈ॥



## ਵਾਢੀ ਦੀ ਰੁੱਤ

ਇਸ ਧਰਤੀ ਦੀ,
ਹਰ ਥਾਂ ਉਤੇ,
ਕਹਿੰਦੇ ਰੁੱਤਾਂ ਚਾਰ।
ਗਰਮੀ ਤੋਂ ਬਾਦ,
ਪੱਤਝੜ ਆਉਂਦੀ,
ਸਰਦੀ ਬਾਦ ਬਹਾਰ।



ਵਤਨੋਂ ਮੇਰਿਉ,
ਇਕ ਚਿੱਠੀ ਆਈ,
ਜਿਸ ਲਿਖਿਆ ਮੇਰੇ ਯਾਰ।
ਗਰਮੀ ਦੀ ਰੁੱਤ,
ਇਕ ਐਸੀ ਆਈ,
ਮੁੜ ਕਦੇ ਨਾ ਆਈ ਬਹਾਰ।

ਸ਼ਹਿਨਸ਼ਾਹ ਮੇਰੇ,
ਤੁਸਾਂ ਇਸ ਧਰਤੀ ਤੇ,
ਮੇਹਨਤ ਕਰਕੇ,
ਇਕ ਸੀ ਫਸਲ ਉਗਾਈ।
'ਅਜੀਤ' 'ਜੁਝਾਰ' ਨੇ,
ਉਸਦੀ ਰਾਖੀ ਕਰਦੇ,
ਜਾਨ ਦੀ ਬਾਜ਼ੀ ਲਾਈ।
ਰੱਖਣ ਨੂੰ,
ਉਸ ਹਰਿਆ ਭਰਿਆ,
ਤੈਂ ਰੱਤ ਟੱਬਰ ਦੀ ਪਾਈ।

ਮਾਤਾ ਠਰ ਗਈ,
ਠੰਡੇ ਬੁਰਜ ਵਿੱਚ,
ਉਡਾਉਂਦੀ ਉਸ ਤੋਂ ਕਾਂ।
ਤੇਰੇ ਨੰਨਿਆਂ,
ਕੰਧ ਉਸਾਰੀ,
ਦੇ ਕੇ ਨੰਨੀ ਜਾਂ।
ਜਿਸ ਦੀ ਕੁੱਖੋਂ,
ਤੁਸਾਂ ਵਰਗਾ ਜੰਮਿਆ,
ਧੰਨ ਹੈ ਉਹ ਮਾਂ।

ਫਸਲ ਤੇਰੀ ਸੀ,
ਅੱਛ ਅੱਛ ਕਰਦੀ,

ਅੰਬਰ ਨੂੰ ਜਫੇ ਮਾਰੇ।
ਤੱਕ ਤੱਕ ਉਹਨੂੰ,
ਹੈਰਾਨ ਸੀ ਹੁੰਦੇ,
ਗੁਆਂਢੀ ਜਲਦੇ ਸਾਰੇ।

ਆਖਰ ਤੇਰੀ,
ਫਸਲ ਵੱਢਣ ਲਈ,
ਉਹਨਾਂ ਕਰ ਲਈ ਪੂਰੀ ਤਿਆਰੀ।
ਲਿਆਕੇ ਉਹਨਾਂ,
ਇਕ ਦਲ ਟਿੱਡੀਆਂ ਦਾ,
ਤਬਾਹ ਕਰ ਦਿੱਤੀ ਸਾਰੀ।

ਕਿਸੇ 'ਮਨੂੰ' ਨੇ,
ਚੁੱਕ ਦਾਤਰੀ,
ਤੇਰੀ ਫਸਲਾਂ ਦੀ ਵਾਢੀ ਪਾਈ।
ਤੂੰ ਹੀ ਦਸ,
ਮੇਰੇ ਸਿਰ ਦੇ ਸਾਈਆਂ,
ਇਹ ਕੈਸੀ ਰੁੱਤ ਆਈ।
ਐ ਦਾਤਾ,
'ਕਿਰਪੇ' ਦੀ ਸੰਤਾਨ,
ਹੁਣ ਤੇਰੇ ਸਿੱਖਾਂ ਨੂੰ,
ਬਰਾਬਰ ਦੇ ਨਾਂ ਗਿਣਦੇ ਨੇ।
ਉਹਨਾਂ ਦੀ ਗਿਣਤੀ,
ਹੁਣ ਬਹੁਤੀ ਜ਼ਿਆਦਾ,
ਹਰ ਚੀਜ਼ ਨੂੰ,
ਵੋਟਾਂ ਨਾਲ ਉਹ ਮਿਣਦੇ ਨੇ।
ਇਹ 'ਸੁੱਚੇ' ਤੇ 'ਗੰਗੂ' ਦੇ ਬੱਚੇ,
ਅੱਜ ਫੇਰ ਤੇਰੇ ਬਚਿਆਂ ਨੂੰ,
ਨਿੱਤ ਨੀਂਹਾਂ ਵਿੱਚ ਚਿਣਦੇ ਨੇ।

ਤੇਰੇ ਸਿੱਖਾਂ ਨੂੰ,



ਤੇਰੇ ਆਨੰਦਪੁਰ ਜਾਣੋ,
ਅੱਜ ਇਹ ਰੋਕ ਰਹੇ ਨੇ।
ਕਿਤੇ ਕੋਈ,
ਸੱਚੀ ਗੱਲ ਨਾ ਕਹਿ ਦੇਵੇ,
ਗੱਲ ਗੱਲ ਤੇ ਟੋਕ ਰਹੇ ਨੇ।
ਨਿੱਕੀਆਂ ਨਿੱਕੀਆਂ, ਗੱਲਾਂ ਉਤੇ,
ਫੜ ਫੜ ਇਹ ਲੋਕੀਂ,
ਜੇਹਲਾਂ ਅੰਦਰ ਝੋਕ ਰਹੇ ਨੇ।
ਕੋਈ ਉਥੇ,
ਫਰਿਆਦ ਨਾ ਸੁਣਦਾ,
ਮਨ ਭਾਉਂਦੀ ਸਜ਼ਾ ਇਹ ਠੋਕ ਰਹੇ ਨੇ।

ਪਿੱਛੇ ਹੱਥ ਬੰਨ,
ਲਾਹ ਕੇ ਕਪੜੇ,
ਧੁੱਪੇ ਰੱਖਕੇ ਇਹ ਸੁਕਾਉਂਦੇ ਨੇ।
ਜਾਂ ਫਿਰ ਇਹ,
ਛੱਡ ਕੇ ਖੁਲ੍ਹੇ,
ਗੋਲੀਆਂ ਮਾਰ ਕੇ ਮਾਰ ਮੁਕਾਉਂਦੇ ਨੇ।

ਤਖਤ ਕੇਸ ਗੜ੍ਹ,
ਜਿਥੇ ਤੁਸਾਂ ਪੰਥ ਸਾਜਿਆ,
ਕੋਈ ਸਿੱਖ ਉਥੇ ਜਾ ਨਾ ਸਕਦਾ।
ਗਲਤੀ ਕਰ,
ਜੇ ਪਹੁੰਚ ਗਿਆ ਤਾਂ,
ਉਹ ਜਿਊਂਦਾ ਵਾਪਸ ਆ ਨਾ ਸਕਦਾ।

ਗ੍ਰੰਥ ਸਾਹਿਬ,
ਜਿਹਨੂੰ ਮਾਣ ਤੁਸਾਂ ਦੇ ਕੇ,
ਸਾਡਾ ਸਭ ਦਾ ਗੁਰੂ ਬਣਾਇਆ।
ਹਰ ਸਿੱਖ ਨੂੰ,
ਹੁਕਮ ਤੁਸਾਂ ਦੇ ਕੇ,

ਲੜ ਸੀ ਇਸ ਗੁਰੂ ਦੇ ਲਾਇਆ।
ਪਤੇ ਫਾੜ ਉਹਦੇ,
ਇਹਨਾਂ ਖੰਡਾਰੇ,
ਜਾਂ ਅੱਗਾਂ ਦੇ ਨਾਲ ਜਲਾਇਆ।

ਹਾਲੇ ਭੀ ਤੁਸਾਂ,
ਚੁੱਪ ਕਿਉ ਵੱਟੀ,
ਕਿਉ ਨੀ ਹਾਲੇ ਰੋਸ ਜਾਗਿਆ।
ਹਾਲੇ ਹੱਥ ਤੁਹਾਡਾ ਨਾਂ,
ਖੰਡੇ ਦੀ ਮੁੱਠ ਤੇ,
ਨਾ ਕੋਈ ਹਾਲੇ ਤੀਰ ਹੀ ਦਾਗਿਆ।

ਵਰ ਦੇਹ ਦਾਤਾ,
ਤੇਰੇ ਸਿੱਖਾਂ ਨੂੰ,
ਕੋਈ ਤਾਂ ਚਮਤਕਾਰ ਦਿਖਾ ਦੇ।
ਭੁਲ ਗਏ ਨੇ,
ਸਿੱਖ ਤੇਰੇ ਲੜਣਾ,
ਆ ਫਿਰ ਲੜਨ ਦੀ ਜਾਂਚ ਸਿਖਾ ਦੇ।

ਲੜਦੇ ਹਨ ਨਿੱਤ,
ਪਰ ਆਪਸ ਦੇ ਵਿੱਚ,
ਇਹਨਾਂ ਦੀ ਭਾਈ ਮਾਰੂ ਨੀਤੀ।
ਕੀ ਦਸਾਂ,
ਤੈਨੂੰ ਮੇਰੇ ਦਾਤਾ,
ਕੀ ਕੀ ਸਾਡੇ ਨਾਲ ਹੈ ਬੀਤੀ।
ਕਈਆਂ ਨੇ ਪਾ,
ਤੇਰਾ ਬਾਣਾ,
ਤੇਰੇ ਨਾਂ ਨੂੰ ਧੱਬਾ ਲਾਇਆ।
ਉਹਨਾਂ ਉਤੇ ਤਾਂ,
ਹੱਕ ਸੀ ਤੇਰਾ,
ਉਹਨਾਂ ਨੂੰ ਭੀ ਨਾ ਤੂੰ ਹਟਾਇਆ।



ਅੱਜ ਕਈ ਸਿੱਖ,
ਕੁਰਸੀ ਦੀ ਖਾਤਿਰ,
ਹੋ ਰਹੇ ਨੇ ਤੇਰੇ ਤੋਂ ਬਾਗੀ।
ਐਨਾ ਕੁਝ ਭੀ,
ਹੋਣ ਦੇ ਮਗਰੋਂ,
ਸ਼ਰਮ ਉਹਨਾਂ ਨੇ ਉਕੀ ਤਿਆਗੀ।
ਭੇਜ ਦਾਤਾ,
ਕੋਈ 'ਜਰਨੈਲ' ਤੂੰ ਤੇਰਾ,
ਜਾਂ ਭਾਲ ਕੋਈ ਬੰਦਾ ਬੈਰਾਗੀ।

ਜਾ ਭੇਜ ਦਾਤਾ ਤੂੰ,
ਮਨੀ ਸਿੰਘ ਨੂੰ,
ਜੋ ਹਰ ਕੀ ਪਉੜੀ ਤੇ ਕਰੇ ਨਿਤਾਰਾ।
ਕੁਛ ਦੇਰ ਜੇ,
ਇੰਜ ਹੀ ਲਗ ਗਈ,
ਡੁੱਬ ਜਾਏਗਾ ਬੇੜਾ ਸਾਰਾ।

ਧਰਮ ਖਿਡਾਰਣ,
ਦੇ ਦੁਸ਼ਟ ਨੂੰ ਮਾਰਨ,
ਤੂੰ ਸੀ ਇਸ ਧਰਤੀ ਤੇ ਆਇਆ।
ਅੱਜ ਫੇਰ ਦਾਤਾ,
ਤੇਰੇ ਪੰਥ ਨੂੰ,
ਰੱਲ ਦੁਸ਼ਟਾਂ ਨੇ ਘੇਰਾ ਪਾਇਆ।

ਤਰਸ ਖਾ ਕੇ,
ਸਾਡੀ ਹਾਲਤ ਉਤੇ,
ਜੇਕਰ ਕਿਤੇ ਤੂੰ ਖੁਦ ਹੀ ਆ ਜਾਵੇ।
ਪੁੱਤ ਜੋ ਤੇਰੇ,
ਨਿੱਤ ਜੰਗ ਨੂੰ ਤੁਰਦੇ,
ਤੁਹੀਉ ਮੁਲ ਉਹਨਾਂ ਦੇ ਪਾਵੇ।

ਭਟਕ ਗਏ ਨੇ,
ਜੋ ਸਿੱਖੀ ਦੀ ਰਾਹ ਤੋਂ,
ਮੁੜ ਤੂੰ ਉਹਨਾਂ ਨੂੰ ਰਾਹੇ ਪਾਵੇ।

ਅਕਾਲ ਤਖਤ ਤੇ,
ਜੋ ਕੇਸਰੀ ਝੂਲਦੇ,
ਅੱਜ ਉਹਨਾਂ ਨੇ ਨੀਵੀਂ ਪਾਈ।
ਤੂੰ ਹੀ ਦਸ,
'ਭੱਜੀ' ਦਿਆਂ ਸਾਈਆਂ,
ਇਕ ਕੈਸੀ ਰੁੱਤ ਆਈ।
ਕਿਸੇ 'ਮਨੂੰ' ਨੇ,
ਚੁਕ ਦਾਤਰੀ,
ਤੇਰੀਆਂ ਫਸਲਾਂ ਨੂੰ ਵਾਢੀ ਪਾਈ।





## ਵਿਸਾਖੀ ਦੀਆਂ ਯਾਦਾਂ

ਹਰ ਸਾਲ,
ਅਪਰੈਲ ਮਹੀਨੇ ਵਿੱਚ,
ਜਦ ਭੀ ਵਿਸਾਖੀ ਆਉਂਦੀ ਹੈ,
ਆਪਣੇ ਇਹ ਨਾਲ,
ਕਈ ਪੁਰਾਣੀਆਂ ਯਾਦਾਂ ਲਿਆਉਂਦੀ ਹੈ॥

ਕਹਿੰਦੇ ਨੇ ਜਦ,
ਮੇਰੇ ਦੇਸ਼ ਪੰਜਾਬ ਵਿੱਚ,
ਵਿਸਾਖੀ ਦੇ ਦਿਨ ਆਉਂਦੇ ਸੀ।
ਤੱਕਕੇ ਪੱਕੀਆਂ ਫਸਲਾਂ ਨੂੰ,
ਜੱਟ ਮੁਸਕਰਾਉਂਦੇ ਸੀ।
ਛੇ-ਛੇ ਫੁੱਟ ਉੱਚੀਆਂ ਕਣਕਾਂ ਦੇਖ,
ਉਹ ਫੂਲੇ ਨਹੀ ਸਮਾਉਂਦੇ ਸੀ।।
ਢੋਲ ਤੇ ਡਗਾ ਲਾ,
ਵਿੱਚ ਮਸਤੀ ਦੇ ਆ,
ਉਹ ਭੰਗੜੇ ਪਾਉਂਦੇ ਸੀ।
ਵਾਢੀ ਦੀ ਰੁੱਤ ਆਉਂਦੀ ਦੇਖ,
ਪੰਜਾਬਣਾਂ ਭੀ ਨਸ਼ਉਂਦੀਆਂ ਸੀ।
ਆਪਣੇ ਢੋਲਾਂ ਨੂੰ,
ਕੀਤੇ ਵਾਅਦੇ ਯਾਦ ਕਰਾਉਂਦੀਆਂ ਸੀ।
ਉਹ ਭੀ ਇੱਕਠੀਆਂ ਹੋ ਕੇ,
ਰੰਗ ਬਰੰਗੇ ਕਪੜੇ ਪਾ,
ਗਿੱਧੇ ਪਾਉਂਦੀਆਂ ਸੀ।
ਜਾਂ ਕਿਤੇ ਇੱਕਠੀਆਂ ਹੋ ਕੇ,
ਚਰਖੇ ਡਾਹਕੇ,
ਉਚੀ ਉਚੀ ਗਾਉਂਦੀਆਂ ਸੀ।
ਕਹਿੰਦੇ ਨੇ,
ਵਿਸਾਖੀ ਦੀ ਰੁੱਤ ਨੂੰ,
ਸਾਰਾ ਪੰਜਾਬ ਨਚਦਾ ਸੀ।
ਪਰ ਉਹਨੂੰ ਖੁਸ਼ ਦੇਖ,
ਉਹਦਾ ਗੁਆਂਢੀ ਮੱਚਦਾ ਸੀ।
ਇਕ ਵਿਸਾਖੀ ਸੌਲਾਂ ਸੌ ਨੜਨਵੇ 'ਚ,
ਸ੍ਰੀ ਆਨੰਦਪੁਰ ਮਨਾਈ ਸੀ।



ਮੇਰੇ ਕਲਗੀਆਂ ਵਾਲੇ, ਸਤਿਗੁਰੂ ਨੇ,
ਦੂਰੋਂ ਦੂਰੋਂ ਸੰਗਤ,
ਸੱਦੇ ਭੇਜ ਕੇ ਬੁਲਾਈ ਸੀ।
ਹਰ ਕੋਈ ਸਿੱਖ,
ਗਜ ਵਜ ਕੇ ਆਇਆ ਸੀ।
ਕੋਈ ਪੂਰਬ ਚੋਂ,
ਕੋਈ ਪੱਛਮ ਚੋਂ,
ਕੋਈ ਉੱਤਰ ਚੋਂ,
ਕੋਈ ਦੱਖਣ ਚੋਂ ਆਇਆ ਸੀ।
ਕੋਈ ਘੋੜੇ ਲਿਆਇਆ ਸੀ।
ਕੋਈ ਤਲਵਾਰਾਂ ਲਿਆਇਆ ਸੀ।
ਕੋਈ ਦਾਣੇ ਲੈ ਆਇਆ ਸੀ।
ਕਿਸੇ ਬਸਤਰ ਚੜਾਇਆ ਸੀ।
ਕੇਸ ਗੜ੍ਹ ਦੇ ਖੁੱਲੇ ਮੈਦਾਨ 'ਚ,
ਸੰਗਤਾਂ ਦੇ ਭਰੇ ਦੀਵਾਨ 'ਚ,
ਉਨ੍ਹਾਂ ਤਲਵਾਰ ਕੱਢ,
ਜਦ ਸਿੱਖਾਂ ਨੂੰ ਲਲਕਾਰਿਆ ਸੀ।
"ਇਹ ਮੇਰੀ ਤਲਵਾਰ,
ਅੱਜ ਸਿੱਖਾਂ ਦੇ ਸਿਰ ਮੰਗਦੀ ਹੈ"
ਇਹ ਕਹਿਕੇ ਉਨ੍ਹਾਂ,
ਜਦ ਸਿੱਖਾਂ ਨੂੰ ਵੰਗਾਰਿਆ ਸੀ।
ਲੱਖਾਂ ਦੀ ਭੀੜ ਚੋਂ,
ਕਹਿੰਦੇ ਸਿਰਫ ਪੰਜ ਨਿਤਰੇ,
ਜਿਹਨਾਂ ਨੂੰ ਉਹਨਾਂ,
'ਮੇਰੇ ਪਿਆਰੇ' ਕਹਿ ਸਤਿਕਾਰਿਆ ਸੀ।
ਉਹਨਾਂ ਨੂੰ,
ਲੋਹੇ ਬਾਟੇ ਦਾ ਅੰਮ੍ਰਿਤ ਪਿਆ,
ਸਿੰਘ ਕਹਿ ਕੇ ਨਿਵਾਜਿਆ ਸੀ।

ਉਹਨਾਂ ਅੱਗੇ,
ਘੁਟਨੇ ਟੇਕ,
ਖੁੱਦ ਅੰਮ੍ਰਿਤ ਦੀ ਦਾਤ ਮੰਗੀ,
ਤੇ ਇੰਜ ਖਾਲਸਾ ਸਾਜਿਆ ਸੀ।
ਖਾਲਸੇ ਨੂੰ ਆਪਣਾ ਰੂਪ ਕਹਿ,
ਖਾਲਸੇ ਨੂੰ ਆਪਣੀ ਜਾਨ ਕਹਿ,
ਖਾਲਸੇ ਨੂੰ ਆਪਣਾ ਈਮਾਨ ਕਹਿ,
ਨਿਵਾਜਿਆ ਸੀ।
ਖਾਲਸੇ ਨੂੰ ਆਪਣਾ ਪੁੱਤ ਕਹਿ,
ਉਸ ਤੋਂ ਆਪਣੇ ਪੁਤ ਵਾਰੇ ਸਨ।
ਦੋ ਚਮਕੌਰ 'ਚ,
ਦੋ ਸਰਹੰਦ 'ਚ,
ਇੰਜ ਉਸ ਕੁਰਬਾਨ ਕੀਤੇ,
ਆਪਣੇ ਪੁਤ ਚਾਰੇ ਸਨ।
ਉਸ ਤੋਂ ਮਗਰੋਂ ਫੇਰ,
ਕਈ ਹੋਰ ਵਿਸਾਖੀਆਂ ਆਈਆਂ,
ਤੇ ਲੰਘ ਗਈਆਂ।
ਪੰਥ ਤੇ ਭੀੜਾਂ ਪਈਆਂ,
ਤੇ ਆਖੀਰ ਲੰਘ ਗਈਆਂ।
ਦੋ ਘਲੂਘਾਰੇ ਹੋਏ।
ਹੋਰ ਕੀ ਕੀ ਕਾਰੇ ਹੋਏ।
ਹਰ ਸਿੱਖ ਜਾਣਦਾ ਹੈ।
ਉਹਨਾਂ ਕੁਰਬਾਨੀ ਨੂੰ ਯਾਦ ਕਰ,
ਉਹ ਆਪਣਾ ਸੀਨ ਤਾਣਦਾ ਹੈ।
ਸੰਨ ਸਤਾਰਾਂ ਸੌ ਬਾਹਠ ਵਿੱਚ,
ਵੱਡੇ ਘਲੂਘਾਰੇ ਦੇ ਮਗਰੋਂ,
ਸਿੱਖਾਂ ਨੇ ਅਬਦਾਲੀ ਨੂੰ,
ਇਹ ਦਸਿਆ ਸੀ।



ਸਿੱਖ ਮੁੱਕ ਨਹੀਂ ਸਕਦੇ,
ਘਲੂਘਾਰੇ ਦੇ ਦੋ ਸਾਲ ਬਾਦ ਹੀ,
ਜੱਸਾ ਸਿੰਘ ਆਹਲੂਵਾਲੀਏ ਨੇ,
ਵਿਸਾਕੀ ਦੇ ਇਰਦ ਗਿਰਦ,
ਹਰਿਮੰਦਰ ਸਾਹਿਬ ਦਾ,
ਦੁਬਾਰਾ ਨੀਂਹ ਰੱਖਿਆ ਸੀ।
ਵਿਸਾਖੀ ਦੇ ਇੱਕਠ ਤੇ,
ਸਰਬੱਤ ਖਾਲਸਾ ਨੇ,
ਜੋ ਭੀ ਮਤਾ ਪਕਾਇਆ ਸੀ।
ਉਸ ਨੂੰ ਪੂਰਾ ਕਰਨ ਖਾਤਿਰ,
ਹਰ ਇਕ ਸਿੱਖ ਨੇ,
ਆਪਣਾ ਤਨ, ਮਨ, ਧਨ ਲਾਇਆ ਸੀ।
ਉਸਦੇ ਹੀ ਸਦਕੇ,
ਅਠਾਰਾਂ ਸੌ ਇਕ ਦੀ ਵਿਸਾਖੀ ਨੂੰ,
ਲਾਹੌਰ ਦੇ ਸ਼ਾਹੀ ਕਿਲੇ ਅੰਦਰ,
ਸਿੱਖਾਂ ਨੇ ਦਰਬਾਰ ਸਜਾਇਆ ਸੀ।
ਆਪਣੇ ਇਕ ਜਰਨੈਲ,
ਰਣਜੀਤ ਸਿੰਘ ਨੂੰ ਮਹਾਰਾਜਾ ਕਹਿ,
ਉਨ੍ਹਾਂ ਤਖਤ ਬਠਾਇਆ ਸੀ।
ਖਾਲਸੇ ਦੇ ਜਨਮ ਤੋਂ,
ਇਕ ਸੌ ਸਾਲਾਂ ਦੇ ਮਗਰੋਂ ਹੀ,
ਪੰਜਾਬ ਦੇ ਕੇਸਰੀ ਲਹਿਰਾਇਆ ਸੀ।
ਖਾਲਸੇ ਦੇ ਨਾਂ ਤੇ,
ਉਸ ਰਾਜ ਕੀਤਾ ਸੀ।
ਤੇ ਨਾਨਕ ਸ਼ਾਹੀ ਸਿੱਕਾ ਚਲਾਇਆ ਸੀ।
ਪਠਾਣਾਂ ਨੂੰ,
ਉਹਨਾਂ ਦੇ ਘਰ ਵਾੜ,
ਜਮਰੌਦ ਜਾ ਝੰਡਾ ਲਾਹਿਆ ਸੀ।

ਉਹਦੇ ਰਾਜ ਵਿੱਚ,
ਤਕਰੀਬਨ ਚਾਲੀ ਕੁ,
ਵਿਸਾਖੀਆਂ ਆਈਆਂ ਸਨ।
ਜੋ ਸਿੱਖਾਂ ਨੇ,
ਬੜੀ ਸ਼ਾਨ ਸ਼ੌਕਤ ਨਾਲ ਮਨਾਈਆਂ ਸਨ।
ਪਰ ਉਹ ਚਲਾਣੇ ਦੇ,
ਛੇਤੀ ਮਗਰੋਂ ਹੀ,
ਉਹ ਰਾਜ ਚਲਾ ਗਿਆ।
ਆਪਸੀ ਫੁੱਟ ਦੇ ਕਾਰਣ,
ਡੋਗਰਿਆਂ ਦੀ ਲੁੱਟ ਦੇ ਕਾਰਣ,
ਉਹ ਤਾਜ਼ ਚਲਾ ਗਿਆ।
ਫਰੰਗੀ ਆਇਆ,
ਉਸ ਸਾਨੂੰ ਫਿਰ ਗੁਲਾਮ ਬਣਾਇਆ,
ਪੰਜਾਬ ਦਾ ਨੂਰ ਲੈ ਗਿਆ,
ਤੇ ਨਾਲੇ ਕੋਹੇਨੂਰ ਲੈ ਗਿਆ।
ਇਕ ਵਿਸਾਖੀ ਦੀ ਕਹਾਣੀ,
ਜੋ ਮੇਰੇ ਬਾਪੂ ਨੇ,
ਮੈਨੂੰ ਨਿੱਕੇ ਹੁੰਦੇ ਨੂੰ ਸੁਣਾਈ ਸੀ।
ਉਹ ਕਹਿੰਦੇ ਉਨੀ ਸੌ ਉਨੀ ਵਿੱਚ,
ਅੰਮ੍ਰਿਤਸਰ ਸ਼ਹਿਰ 'ਚ ਆਈ ਸੀ।
ਕਈ ਹਜ਼ਾਰਾਂ ਲੋਕਾਂ ਨੇ,
ਇੱਕਠੇ ਹੋ,
ਜਲ੍ਹਿਆਂ ਵਾਲੇ ਬਾਗ ਵਿੱਚ,
ਇਕ ਸਭਾ ਲਾਈ ਸੀ।
ਉਹ ਨਿਹੱਥੇ ਲੋਕ,
ਉਹ ਨਹਾਉਣ ਆਏ ਸਨ।
ਉਹ ਵਿਸਾਖੀ ਮਨਾਉਣ ਆਏ ਸਨ।
ਉਹਨਾਂ ਕੋਈ ਕਾਨੂੰਨ ਨਹੀਂ ਤੋੜਿਆ।



ਉਹਨਾਂ ਕੋਈ ਹੁਕਮ ਨਹੀਂ ਮੋੜਿਆ।
ਪਰ ਇਕ ਘਮੰਡੀ ਜਰਨੈਲ ਨੇ,
ਬੂਹੇ ਨੂੰ ਰੋਕ ਕੇ,
ਉਹਨਾਂ ਤੇ ਗੋਲੀ ਚਲਾਈ ਸੀ।
ਲਾਸ਼ਾਂ ਨਾਲ ਖੂਹ ਭਰਿਆ,
ਤੇ ਸਾਰੇ ਹੀ ਬਾਗ ਵਿੱਚ,
ਇੰਜ ਲਗਦਾ ਸੀ,
ਕਿਸੇ ਲਾਲ ਚਾਦਰ ਵਿਛਾਈ ਸੀ॥
ਕਿਤੇ ਕਿਤੇ ਕੋਈ,
ਕੋਈ ਸਹਿਕਦਾ ਸੀ।
ਜਾਂ ਕਿਸੇ ਦੇ ਹੱਥ ਫੜਿਆ ਹਾਲੇ,
ਕੋਈ ਗੁਲਦਸਤਾ ਮਹਿਕਦਾ ਸੀ।
'ਹਰ ਥਾਂ ਥਾਂ ਤੇ,
ਲਾਸ਼ਾਂ ਦੀ ਢੇਰੀ ਲਾਈ ਸੀ।
ਕੁਛ ਜਵਾਨ ਸਨ,
ਕੁਛ ਬੁੱਢੇ ਸਨ,
ਕੁਛ ਬੱਚੇ ਸਨ,
ਕੋਈ ਕੋਈ ਨਵੀਂ ਵਿਆਹੀ ਸੀ।
ਬਹੁਤੇ ਸਿੱਖ ਮਰੇ ਸਨ,
ਕੁਛ ਹਿੰਦੂ ਭੀ,
ਕੁਛ ਮੁਸਲਮਾਨ ਭੀ,
ਸ਼ਾਇਦ ਇਕ ਦੋ ਇਸਾਈ ਸੀ।
ਪਰ ਮਰਨ ਵਾਲੇ,
ਸਭ ਗੁਲਾਮ ਸਨ,
ਕਿਸੇ ਵੀ ਮੁਲਕ ਨੇ,
ਇਸ ਤਾਨਾਸ਼ਾਹੀ ਦੇ ਖਿਲਾਫ,
ਆਵਾਜ਼ ਨਹੀਂ ਉਠਾਈ ਸੀ।

ਊਧਮ ਸਿੰਘ,
ਇਕ ਨੌਜੁਆਨ,
ਜਿਸ ਨੇ ਇਹ ਸਭ ਤਕਿਆ,
ਉਸ ਜਲ੍ਹਿਆਂ ਵਾਲੇ ਬਾਗ ਦੀ ਮਿੱਟੀ ਚੁਕ,
ਇਕ ਸੰਹੁ ਉਠਾਈ ਸੀ।
ਕਈ ਦਹਾਕਿਆਂ ਦੇ ਮਗਰੋਂ,
ਜਨਰਲ ਡਾਇਰ ਨੂੰ,
ਉਹਦੇ ਘਰ ਵਿੱਚ ਮਾਰ ਕੇ,
ਉਸ ਆਪਣੀ ਸਹੁੰ ਪੁਗਾਈ ਸੀ।
ਜਦੋਂ ਉਹ ਗੁਲਾਮ ਲੋਕ,
ਆਜ਼ਾਦ ਹੋਏ,
ਉਹਨਾਂ ਉਥੇ ਇਕ ਯਾਦਗਾਰ ਬਣਾਈ ਸੀ।
ਤੇ ਉਸ ਦਿਨ ਤੋਂ,
ਅਜ ਤਾਈ,
ਹਰ ਵਿਸਾਕੀ ਦੇ ਉਤੇ,
ਉਥੇ ਜੋਤ ਜਗਾਈ ਸੀ।
ਤੇ ਉਸ ਜੋਤ ਨੂੰ,
ਜਗਦੀ ਰੱਖਣ ਲਈ,
ਕਈ ਵਾਰ,
ਸਿੱਖਾਂ ਨੇ ਆਪਣੀ,
ਰੱਤ ਪਾਈ ਸੀ।
ਉਸੇ ਹੀ,
ਆਜ਼ਾਦ ਭਾਰਤ ਦੇ ਅੰਦਰ,
ਉਸੇ ਹੀ ਅੰਮ੍ਰਿਤਸਰ ਸ਼ਹਿਰ ਅੰਦਰ,
ਉਨੀ ਸੌ ਅਨਤਰ ਨੂੰ,
ਇਕ ਹੋਰ ਖ਼ੂਨੀ ਵਿਸਾਖੀ ਆਈ ਸੀ।
ਇਸ ਵਾਰ ਭੀ,
ਗੋਲੀ ਸਿੱਖਾਂ ਨੂੰ ਲਗੀ,



ਪਰ ਇਹ ਗੋਲੀ,
ਜਲ੍ਹਿਆਂ ਵਾਲ ਬਾਗ ਚੋਂ ਆਈ ਸੀ।
ਜਿਥੇ ਕੁਛ,
ਧਰਮ ਦੇ ਠੇਕੇਦਾਰਾਂ ਨੇ,
ਝੂਠ ਦੀ ਹੱਟ ਲਗਾਈ ਸੀ।
ਉਹਨਾਂ ਨੇ ਸਾਡੇ ਗੁਰੂਆਂ ਨੂੰ,
ਕੁਛ ਬੋਲ ਕਬੋਲ ਬੋਲੇ ਸੀ।
ਸਾਡੇ 'ਪੰਜ ਪਿਆਰਿਆਂ' ਦੇ ਨਾਲ,
ਉਹਨਾਂ 'ਸੱਤ ਸਿਤਾਰੇ' ਤੋਲੇ ਸੀ।
ਸਿੱਖਾਂ ਨੇ,
ਸਿਰਫ ਉਹਨਾਂ ਨੂੰ,
ਇਹਨਾਂ ਗੱਲਾਂ ਤੋਂ ਵਰਜਿਆ ਸੀ।
ਪਰ ਉਹ ਨਿਰੰਕਾਰੀ ਬਾਬਾ,
ਸਰਕਾਰ ਦੀ ਸ਼ਹਿ ਤੇ ਗਰਜਿਆ ਸੀ।
ਇਸ ਵਿੱਚ ਭੀ ਜੋ ਮਰੇ,
ਉਹ ਗੁਲਾਮ ਸਨ।
ਕਿਸੇ ਆਵਾਜ਼ ਨਹੀਂ ਉਠਾਈ,
ਉਹ ਮਾਰੇ ਸ਼ਰੇਆਮ ਸਨ।
ਉਸ ਦਿਨ,
ਭਾਰਤ ਦੀ ਸਰਕਾਰ ਨੇ,
ਸਿੱਖਾਂ ਦੀ ਗੈਰਤ ਨੂੰ ਵੰਗਾਰਿਆ ਸੀ।
ਪਰ ਅਣਖੀਲੇ ਸਿੱਖਾਂ ਨੇ,
ਉਸ ਪਾਖੰਡੀ ਨੂੰ,
ਸੋਧਣ ਤੋਂ ਪਹਿਲਾਂ,
ਲਲਕਾਰਿਆ ਸੀ।
ਉਸ ਦੇ ਮਗਰੋਂ,
ਜੋ ਹੁਣ ਹੋਇਆ,
ਉਹ ਹਰ ਕੋਈ ਜਾਣਦਾ ਹੈ।

ਸਿੱਖ ਹੋ ਕੇ ਜੀਣਾ ਔਖਾ,
ਸਵਾਲ ਹੁਣ ਸ਼ਾਨ, ਬਾਨ ਤੇ ਆਨ ਦਾ ਹੈ।
ਪਰ ਉਸ ਦਿਨ ਦੇ ਮਗਰੋਂ,
ਹੁਣ ਤੱਕ,
ਜਦ ਭੀ ਵਿਸਾਖੀ ਆਉਂਦੀ ਹੈ।
ਨਵੇ ਸਵਾਲ ਪੈਦਾ ਕਰਦੀ ਹੈ।
ਨਵੀ ਵੰਗਾਰ ਪਾਉਂਦੀ ਹੈ।
ਹਰ ਸਿੱਖ ਦੇ ਸੀਨੇ ਵਿੱਚ,
ਭਖਦੀ ਹੋਈ ਅੱਗ ਨੂੰ,
ਫੇਰ ਭਾਂਬੜ ਵਾਂਗ ਮਚਾਉਂਦੀ ਹੈ।
ਇਸ ਵਿਸਾਖੀ ਦੇ ਦਿਨ,
ਜੋ ਸਿੱਖ ਨੇ ਗੁਰੂ ਨਾਲ ਵਾਇਦਾ ਕੀਤਾ,
ਉਹਨੂੰ ਫਿਰ ਯਾਦ ਕਰਾਉਂਦੀ ਹੈ।
ਜੋ ਵਾਇਦਾ ਭੁੱਲੀ ਬੈਠੇ ਹਨ,
ਉਹਨਾਂ ਨੂੰ ਲਾਹਨਤਾਂ ਪਾਉਂਦੀ ਹੈ।
ਅੱਜ ਭੀ,
ਇਸ ਦਨੀਆਂ ਦੇ ਸਿੱਖ,
ਹਰ ਖਾਸ ਦਿਹਾੜੇ,
ਵੱਖੋ ਵੱਖਰੀ ਜਗਹ,
ਵਖੋ ਵਖਰੇ ਸਰਬਤ ਖਾਲਸੇ ਸੱਦ,
ਵਖੋ ਵਖਰੇ ਮਤੇ ਪਕਾਉਂਦੇ ਨੇ।
ਕੋਈ 'ਖਾਲਿਸਤਾਨ' ਦੇ ਸਿੱਖ,
ਕੋਈ 'ਸਰਕਾਰੀ' ਸਿੱਖ,
ਕੋਈ 'ਭਿੰਡਰਾਂਵਾਲੇ' ਦੇ ਸਿੱਖ,
ਕੋਈ 'ਟੌਹੜੇ' 'ਬਾਦਲ' ਦੇ ਸਿੱਖ,
ਕੋਈ ਕਿਸੇ 'ਬਾਬੇ' ਜਾਂ 'ਮਾਨ' ਦੇ ਸਿੱਖ,
ਸਭ ਇਕ ਜਾਂ ਦੂਜੇ ਧੜੇ ਦੇ,
ਸਿੱਖ ਅਖਵਾਉਂਦੇ ਨੇ।



ਏਨਾ ਕੁਝ ਹੋਣ ਦੇ ਮਗਰੋਂ ਭੀ,
ਉਹ ਇਕ ਝੰਡੇ ਥੱਲੇ,
ਨਹੀਂ ਆਉਂਦੇ ਨੇ।
ਆਪਣੀ ਫੁੱਟ ਦੇ ਕਾਰਨ।
ਸਰਕਾਰ ਲੁੱਟ ਦੇ ਕਾਰਨ।
ਉਹ ਜਾਣੇ,
ਜਾਂ ਅਣਜਾਣੇ,
ਪੰਥ ਨੂੰ ਢਾਹ ਲਾਉਂਦੇ ਨੇ।
ਸਾਡੀ ਕੌਮ ਦੇ ਆਗੂ,
ਪੰਥ ਤੋਂ ਕੁਝ ਨਹੀਂ ਲਟਾਉਂਦੇ।
ਸਗੋਂ ਪੰਥ ਨੂੰ ਲੁੱਟਦੇ ਨੇ।
ਜੇ ਕਿਤੇ ਕੋਈ,
ਚੰਗਾ ਬੰਦਾ ਅੱਗੇ ਆ ਭੀ ਜਾਵੇ,
ਤਾਂ ਉਹਦੇ ਤੇ ਦੂਸ਼ਨ ਲਾ,
ਧੂਹ ਕੇ ਪਿਛਾਂਹ ਸੁਟਦੇ ਨੇ।
ਉਹਨਾਂ ਨੂੰ,
ਕੌਮ ਦਾ ਫਿਕਰ ਨਹੀਂ,
ਕੁਰਸੀ ਦਾ ਫਿਕਰ ਹੈ।
ਐਨਾ ਹੋਣ ਦੇ ਮਗਰੋਂ ਭੀ,
ਹਾਲੇ ਉਹ ਕਰਦੇ ਰਹਿੰਦੇ,
ਆਨੰਦਪੁਰ ਦੇ ਮਤੇ ਦਾ ਜ਼ਿਕਰ ਹੈ।
ਇਹ ਵਿਸਾਖੀ,
ਜੋ ਸਾਰੇ ਪੰਜਾਬੀਆਂ ਦੀ ਸੀ।
ਅੱਜ ਸਿਰਫ ਸਿੱਖਾਂ ਦੀ,
ਬਣ ਕੇ ਰਹਿ ਗਈ।
'ਇਸ ਵਿਸਾਖੀ ਨਾਲ,
ਤੁਹਾਡਾ ਕੋਈ ਮਤਲਬ ਨਹੀਂ',
ਜਾਂਦੀ ਜਾਂਦੀ ਹਿੰਦੂਆਂ ਦੀ ਮਾਤਾ,

ਉਹਨਾਂ ਨੂੰ ਇਹ ਕਹਿ ਗਈ।
ਹੁਣ ਹਿੰਦੂ ਵਿਸਾਖੀ ਨਹੀਂ ਮਨਾਉਂਦੇ,
ਤੇ ਸਾਡੇ ਬਾਕੀ ਤਿਉਹਾਰਾਂ ਤੇ,
ਭੀ ਨਹੀਂ ਆਉਂਦੇ।
ਪੰਜਾਬ ਦਾ ਢੋਲੀ,
ਅੱਜ ਕੱਟ ਗਿਆ।
ਉਹ ਢੋਲ,
ਜਿਸ ਤੇ ਪੰਜਾਬ ਨਚਦਾ ਸੀ।
ਇਕ ਤਿਰਸ਼ੂਲ ਵੱਜਾ,
ਤੇ ਉਹ ਫੱਟ ਗਿਆ।
ਉਹ ਦੀ ਜਗਾਹ ਤੇ ਇਕ,
ਮਦਾਰੀ ਡੁਗਡੁਗੀ ਲੈ ਡਟ ਗਿਆ।
ਢੋਲ ਤੇ ਨੱਚਣ ਵਾਲਾ ਪੰਜਾਬ,
ਇਸ ਡੁਗਡੁਗੀ ਤੇ ਨੱਚ ਨਹੀਂ ਸਕਦਾ।
ਜਿਸ ਨੇ ਇਹ ਢੋਲ ਫਾੜਿਆ ਹੈ,
ਉਹ ਭੀ ਹੁਣ ਬਚ ਨਹੀਂ ਸਕਦਾ।
ਸਿੱਖ ਤਾਂ,
ਇਹਨਾਂ ਗੱਲਾਂ ਦਾ,
ਸਦੀਆਂ ਤੋਂ ਆਦੀ ਹੈ।
ਅੱਜ ਫੇਰ ਉਹਨੇ,
ਦਾਤਰੀ ਨੂੰ ਤਲਵਾਰ ਬਣਾਉਣ ਦੀ,
ਸੌਂਹ ਖਾਧੀ ਹੈ।
ਪਰ ਮੇਰੇ ਪੰਜਾਬ ਵਿੱਚ,
ਹੁਣ ਵਿਸਾਖੀ ਨਹੀਂ ਆਉਂਦੀ।
ਉਸ ਦਿਨ ਕੋਈ ਮੁਟਿਆਰ,
ਸਜ ਧਜ ਕੇ ਗਿੱਧਾ ਨਹੀਂ ਪਾਉਂਦੀ।
ਉਹ ਜੋ ਪਿਛਲੀ ਵਿਸਾਕੀ ਦੇ ਸਨ,




ਤੇ ਅੱਜ ਨਹੀਂ ਹਨ,
ਉਹਨਾਂ ਨੂੰ ਯਾਦ ਕਰ ਰੋਂਦੀ ਹੈ।
ਜ਼ਾਲਮ ਦਾ ਸਿਆਪਾ ਕਰਦੀ ਹੈ,
ਤੇ ਉਚੀ ਉਚੀ ਕੀਰਨੇ ਪਾਉਂਦੀ ਹੈ।
ਜੱਟ ਭੀ ਪਕੀਆਂ ਕਣਕਾਂ ਦੇਖ,
ਅੱਜਕਲ੍ਹ ਨਾ ਮੁਸਕਰਾਉਂਦੇ ਨੇ।
ਨਾ ਉਹ ਮਸਤੀ ਵਿੱਚ ਆਉਂਦੇ ਨੇ।
ਨਾ ਉਹ ਭੰਗੜੇ ਪਾਉਂਦੇ ਨੇ।
ਹਾਂ ਕਦੇ ਕਦੇ ਉਹ,
ਛੇ ਛੇ ਫੁੱਟ ਕਣਕ 'ਚ ਲੁੱਕਕੇ,
ਆਪਣੀ ਜਾਨ ਜ਼ਰੂਰ ਬਚਾਉਂਦੇ ਨੇ।
ਪਤਾ ਨਹੀਂ,
ਉਹ ਵਿਸਾਖੀ,

ਹੁਣ ਕਦੋਂ ਆਵੇਗੀ।
ਜਿਸ ਉਤੇ ਫਿਰ ਕੋਈ,
ਪੰਜਾਬਣ ਗਿੱਧਾ ਪਾਵੇਗੀ।
ਪਤਾ ਨਹੀਂ ਹੁਣ ਫੇਰ ਕਦੋਂ,
ਢੋਲ ਤੇ ਡੱਗਾ ਵਜੇਗਾ।
ਕਦੇ ਫਿਰ ਕੋਈ ਜੱਟ ਮਸਤੀ ਆ,
ਮੋਢੇ ਤੇ ਡਾਗਾਂ ਰੱਖ ਗਜੇਗਾ।
ਅੱਜ ਫਿਰ ਮੇਰਾ ਸਤਿਗੁਰੂ,
ਕੇਸਗੜ੍ਹ ਦੇ ਖਾਲੀ ਮੈਦਾਨ ਵਿੱਚ,
ਇੱਕਲਾ ਹੀ ਖੜ੍ਹਾ,
ਸਿੱਖਾਂ ਨੂੰ ਪੁਕਾਰ ਰਿਹਾ ਹੈ।
'ਸਿਰ ਧਰ ਤਲੀ ਗਲੀ ਮੇਰੀ ਆਉ'
ਉਹ ਸਿੱਖਾਂ ਨੂੰ ਲਲਕਾਰ ਰਿਹਾ ਹੈ।
ਮੈ ਉਸ ਖੁਸ਼ੀਆਂ ਭਰੇ ਦਿਨ ਨੂੰ,
ਬੜੀ ਬੇਸਬਰੀ ਨਾਲ ਉਡੀਕਾਂਗਾ।



ਉਹਦੀ ਉਡੀਕ ਵਿੱਚ,
ਔਸੀਆਂ ਪਾਵਾਂਗਾ।
ਤੇ ਹਰ ਵਿਸਾਖੀ ਨੂੰ,
ਕੰਧਾਂ ਤੇ ਲੀਕਾਂ ਉਲੀਕਾਂਗਾ।
ਉਹ ਦਿਹਾੜਾ ਉਸ ਦਿਨ ਆਏਗਾ।
ਜਿਸ ਦਿਨ ਕੇਸਰੀ ਫਿਰ,
ਗੁਰਾਂ ਦੀ ਧਰਤੀ ਤੇ ਲਹਿਰਾਏਗਾ।
ਜੇ ਰੱਬ ਨੇ ਚਾਹਿਆ,
ਤਾਂ 'ਭੱਜੀ' ਉਸ ਦਿਨ,
ਮਸਤੀ ਵਿੱਚ ਆ ਭੰਗੜਾ ਪਾਏਗਾ।



## ਚੌਹਾਰਾਂ

ਇਸ ਦੁਨੀਆਂ ਵਿੱਚ ਅੱਜ ਮੈ ਕੱਲਾ,
ਇਕ ਚੌਰਾਹੇ ਆਣ ਖੜ੍ਹਾ॥
ਪਤਾ ਨਹੀਂ ਕਿਧਰ ਜਾਵਾਂ,
ਆਇਆ ਜ਼ਿੰਦਗੀ ਦਾ ਐਸਾ ਪੜ੍ਹਾ॥
ਜਿਥੋਂ ਦੀ ਮੈ ਲੰਘਕੇ ਆਇਆ,
ਉਥੇ ਝੱਲੇ ਦੁੱਖ ਬਥੇਰੇ॥



ਹਰ ਪਾਸੇ ਸੜਕਾਂ ਤੇ ਫਿਰਦੇ,
ਸ਼ਰੇਆਮ ਨੇ ਉਥੇ ਲੁਟੇਰੇ॥
ਹੁਣ ਦਿਨ ਦਿਹਾੜੇ ਲੋਕਾਂ ਨੂੰ ਲੁੱਟਣ,
ਅੱਗੇ ਤਾਂ ਲੁੱਟਦੇ ਸੀ ਮੂੰਹ ਹਨੇਰੇ॥
ਲਹੂ ਉਹਨਾਂ ਦੇ ਮੂੰਹ ਹੈ ਲੱਗਾ,
ਇਹ ਜੰਗਲੀ ਆਦਮਖੋਰ ਬਘੇਰੇ॥
ਘਰ ਮੇਰਾ ਇਹਨਾਂ ਸਾੜ ਦਿੱਤਾ ਹੈ,
ਮਾਰ ਦਿੱਤੇ ਇਹਨਾਂ ਭਾਈ ਮੇਰੇ॥
ਸਭ ਕੁੱਛ ਮੇਰਾ ਲੁੱਟ ਕੇ ਲੈ ਗਏ,
ਤਾਂ ਹੁਣ ਮੈ ਲਾਏ ਡਾਂਗ ਤੇ ਡੇਰੇ॥
ਗੁਲਾਮੀ ਭਰੀ ਜ਼ਿੰਦਗੀ ਉਥੇ,
ਮੇਰੀ ਲਈ ਨਹੀਂ ਕੋਈ ਥਾਂ॥

ਹੁਣ ਇਸ ਚੌਰਾਹੇ ਵਿਚੋਂ,
ਪਿਛੇ ਨੂੰ ਮੈ ਕਿੰਜ ਮੁੜ ਜਾਂ॥
ਜੋ ਰਸਤਾ ਸੱਜੇ ਨੂੰ ਜਾਂਦਾ,
ਇਹ ਮੈਨੂੰ ਉਥੇ ਲੈ ਜਾਂਦਾ॥
ਜਿਥੇ 'ਰਾਜੇ ਸ਼ੀਹ ਮੁਕੱਦਮ ਕੁੱਤੇ',
ਸਾਰੇ ਗੂਹੜੀ ਨੀਂਦਰ ਸੁੱਤੇ॥
ਕਿਹਨੂੰ ਕੋਈ ਫਰਿਆਦ ਸੁਣਾਏ॥
ਵਾੜ ਤਾਂ ਉਥੇ ਖੇਤ ਨੂੰ ਖਾਵੇ॥
ਆਦਮ ਖਾਣਾ ਉਥੇ ਦਾ ਰਾਜਾ॥
ਪਰ ਅਹਿੰਸਾ ਦਾ ਉਹ ਬਜਾਵੇ ਬਾਜਾ॥
ਰੋਜ਼ ਦੇਵੀ ਦੀ ਪੂਜਾ ਖਾਤਿਰ॥
ਮੰਗਦਾ ਖ਼ੂੰਨ ਸਿੱਖਾਂ ਦਾ ਤਾਜ਼ਾ॥
ਰਿਸ਼ਵਤ ਖੋਰ ਉਥੋਂ ਦੇ ਕਾਜੀ॥
ਪੈਸਿਆਂ ਨਾਲ ਸਭ ਜਿਤਣ ਬਾਜੀ॥
ਕਾਜੀ ਵੇਖੋ ਇਨਸਾਫ ਨਾ ਕਰਦੇ॥

ਸਭ ਉਹ ਰਾਜੇ ਕੋਲੋਂ ਡਰਦੇ॥
ਉਥੋਂ ਦੇ ਸਭ ਕਾਨੂੰਨ ਨੇ ਝੂਠੇ॥
ਇਨਸਾਫ ਨਾ ਪਾਉਣਾ ਕਿਸੇ ਮੇਰੇ ਰੂਠੇ॥

ਜੋ ਰਸਤਾ ਖੱਬੇ ਵਲ ਨੂੰ ਜਾਂਦਾ॥
ਉਥੇ ਗਿਆ ਕੋਈ ਮੁੜਕੇ ਨਾ ਆਉਂਦਾ॥
ਠਾਣੇ ਜਾ ਜੋ ਰਪਟ ਲਿਖਾਏ॥
ਸਮਝੋ ਉਹਦੇ ਆਖਰੀ ਦਿਨ ਆਏ॥
ਪੁਲਸੀਏ ਅੱਜ ਦੇ ਗੁੰਡੇ ਪੂਰੇ॥
ਪਾਏ ਉਹਨਾਂ ਨੇ ਕਪੜੇ ਭੂਰੇ॥
ਉਹ ਜੇਲ੍ਹਾਂ ਵਿੱਚ ਉਥੇ ਸੁੱਟਣ॥
ਪਸ਼ੂਆਂ ਵਾਂਗ ਉਥੇ ਕੁੱਟਣ॥
ਲੱਖਾਂ ਉਥੇ ਤਸੀਹੇ ਦੇਂਦੇ॥
ਨਾ ਉਹ ਪਾਣੀ ਪੀਣ ਨੂੰ ਦੇਂਦੇ॥
ਨਾ ਮਰਣ ਨਾ ਜਿਉਣ ਦੇਂਦੇ॥
ਸ਼ੇਰਆਮ ਉਹ ਪੱਤ ਉਹ ਲੁਟਦੇ॥
ਨੰਗਿਆਂ ਕਰਕੇ ਉਹ ਨਚਾਉਂਦੇ॥
ਫੇਰ ਹੱਸ ਹੱਸ ਭੰਗੜੇ ਪਾਉਂਦੇ॥
ਕੁੱਟ ਖਾ ਖਾ ਜਦ ਉਥੇ ਮਰ ਜਾਂਦੇ॥
ਫੇਰ ਉਹ ਝੂਠੇ ਮੁਕਾਬਲੇ ਬਣਾਉਂਦੇ॥
ਲਾਸ਼ਾਂ ਨੂੰ ਪਾਣੀ ਵਿੱਚ ਹਾੜਣ॥
ਜਾਂ ਕਿਤੇ ਅੱਗ ਲਾ ਕੇ ਸਾੜਣ॥

ਸਾਹਮਣੇ ਮੈਨੂੰ ਰਾਹ ਜੋ ਦਿਸਦਾ,
ਉਹ ਪਹਾੜਾਂ ਵੱਲ ਨੂੰ ਜਾਂਦਾ॥
ਦੂਰ ਦੁਰਾਡੇ ਇਕ ਪਰਬੱਤ ਤੇ,
ਇਕ ਮੱਹਲ ਮੈਨੂੰ ਨਜ਼ਰੀ ਆਂਦਾ॥
ਉਸ ਮੱਹਲ ਦੀ ਇਕ ਨੁਕਰ ਤੇ,



ਨਿੱਕਾ ਜਿਹਾ ਦੀਵਾ ਟਿਮਟਿਮਾਂਦਾ॥
ਕਹਿੰਦੇ ਉਸ ਮੱਹਲ ਦੇ ਅੰਦਰ,
ਇਕ ਧਰਮੀ ਰਾਜਾ ਹੈ ਰੇਂਦਾ॥
ਜੋ ਵੀ ਉਹਦੀ ਨਗਰੀ ਜਾਵੇ,
ਉਸ ਨੂੰ ਉਹਗ ਬਚਾ ਹੈ ਲੈਂਦਾ॥
ਸਿਹਾਈ ਰਾਤ ਤੇ ਝੱਖੜ ਚਲਦਾ,
ਰਸਤਾ ਮੈਨੂੰ ਨਜ਼ਰ ਨਾ ਆਵੇ॥
ਜਦ ਕਦੇ ਕਦੇ ਬਿਜਲੀ ਲਿਸ਼ਕੇ ਤਾਂ,
ਉਹ ਮੈਨੂੰ ਪਾਈ ਰਾਹ ਦਿਖਾਵੇ॥
ਰਸਤਾ ਇਹ ਹੈ ਉਚਾ ਨੀਵਾਂ,
ਆਸੇ ਪਾਸੇ ਡੂੰਘੀਆਂ ਖੱਡਾਂ॥
ਤੁਰਨਾ ਇਸ ਰਸਤੇ ਹੈ ਔਖਾ,
ਸੋਚ ਸੋਚ ਕੇ ਪੈਰ ਮੈਂ ਕੱਡਾਂ॥
ਪਤਾ ਮੈਨੂੰ,
ਇਸ ਰਸਤੇ ਚਲਕੇ,
ਜੰਗਲ ਵਿੱਚ ਦੀ ਲੰਘਣਾ ਪੈਣਾ॥
ਭਿਡੋਂ ਭੁੱਖੇ ਨੂੰ,
ਜੇ ਨੀਂਦ ਨਾ ਆਈ,
ਰੋਟੀ ਟੁੱਕ ਭੀ ਮੰਗਣਾ ਪੈਣਾ॥
ਪਰ ਉਹ ਰਸਤੇ ਮੈਂ ਚਲ ਪਿਆ ਹਾਂ,
ਅੱਜ ਹੱਥ ਵਿੱਚ ਤਲਵਾਰ ਨੂੰ ਫੜ ਕੇ॥
ਮੰਜ਼ਿਲ ਆਪਣੀ ਤੇ ਪਹੁੰਚ ਜਾਵਾਂਗਾ,
ਇਕ ਦਿਨ ਵਿੰਗੀ ਟੇਡੀ ਸੜਕੇ॥
ਪਹੁੰਚ ਗਿਆ ਜੇ ਮੰਜ਼ਿਲ ਤੇ ਆਪਣੀ,
ਧਰਮੀ ਰਾਜ 'ਚ ਹੋਵੇਗਾ ਬਸੇਰਾ॥
ਐਸੀ ਜ਼ਿੰਦਗੀ ਹੁਣ ਮੈਂ ਨਹੀਂ ਜੀਣਾ,
ਜਿਊ ਲਿਆ ਹੁਣ ਤੱਕ ਬਥੇਰਾ॥
ਜੱਗ ਭਾਵੇਂ ਅੱਜ ਸਾਰਾ ਰੁਸਿਆ,

ਕਲਗੀਆਂ ਵਾਲਾ ਨਾਲ ਹੈ ਮੇਰੇ।।
ਕੀ ਲੋੜ 'ਭੱਜੀ' ਬੰਦਿਆਂ ਤਾਈ,
ਜਦ ਸਿਰ ਤੇ ਅੱਜ ਅਕਾਲ ਹੈ ਮੇਰੇ।।



## ਦੋਹਾਈ

ਘਰ ਮੇਰੇ ਨੂੰ ਅੱਗ ਲੱਗੀ,
ਇਸ ਘਰ ਨੂੰ ਤੁਸੀਂ ਬਚਾਉ ਵੇ ਲੋਕੋ।
ਮਾਰੋ ਨਾ ਇਹਨੂੰ ਫੂਕਾਂ ਐਂਵੇ,
ਇਸ ਅੱਗ ਨੂੰ ਤੁਸੀਂ ਬੁਝਾਉ ਵੇ ਲੋਕੋ।
ਪਾਉ ਨਾ ਹੋਰ ਬਾਲਣ ਇਹਦੇ ਤੇ,
ਨਾ ਤੇਲ ਹੋਰ ਇਸ ਤੇ ਪਾਉ ਵੇ ਲੋਕੋ।

ਜੇ ਪਾਣੀ ਨਾ ਮਿਲੇ ਤੁਹਾਨੂੰ,
ਰਲ ਹੰਝੂਆਂ ਨਾਲ ਬੁਝਾਉ ਵੇ ਲੋਕੋ।
ਘਰ ਮੇਰੇ ਨੂੰ ਅੱਗ ਅਜ ਲੱਗੀ....
ਅਗੇ ਜ਼ਾਲਮਾਂ ਬਹੁਤ ਸਤਾਇਆ,
ਹੋਰ ਨਾ ਸਤਾਉ ਵੇ ਲੋਕੋ।
ਵੇਲਿਆਂ ਦੇ ਵਿੱਚ ਬਹੁਤ ਲਾਸ਼ਾਂ ਵਿਛੀਆਂ,
ਹੋਰ ਨਾ ਲਾਸ਼ਾਂ ਵਿਛਾਉ ਵੇ ਲੋਕੋ।
ਰੋਲੋ ਨਾ ਕਦੇ ਕਿਸੇ ਦੀ ਮਿੱਟੀ,
ਕੁਤਿਆਂ ਨੂੰ ਨਾ ਪਾਉ ਵੇ ਲੋਕੋ।
ਭਾਵੇਂ ਉਹ ਸੀ ਤੁਹਾਡਾ ਦੁਸ਼ਮਣ,
ਫਿਰ ਵੀ ਉਹਨੂੰ ਦਫਨਾਉ ਵੇ ਲੋਕੋ।
ਘਰ ਮੇਰੇ ਨੂੰ ਅੱਗ ਅਜ ਲੱਗੀ...
ਗੁਰਾਂ ਬਖਸ਼ੀ ਤੁਹਾਨੂੰ ਸਰਦਾਰੀ,
ਐਂਵੇ ਚੋਧਰਾਂ ਪਿਛੇ ਨਾ ਜਾਉ ਵੇ ਲੋਕੋ।
ਸਿਰ ਦੇ ਕੇ ਤੁਸਾਂ ਲਈ ਸੀ ਸਿੱਖੀ,
ਹੁਣ ਸਿਰ ਦੇ ਕੇ ਰੱਖ ਦਿਖਾਉ ਵੇ ਲੋਕੋ।
ਗੁਆ ਲਏ ਤੁਸਾਂ ਕਈ ਅਨਮੋਲ ਹੀਰੇ,
ਹੋਰ ਲਾਲ ਨਾ ਗੁਆਉ ਵੇ ਲੋਕੋ।
ਸਤਵੰਤ, ਕੇਹਰ ਜ਼ਾਲਮਾਂ ਫਾਂਸੀ ਚਾੜ੍ਹੇ,
ਹੋਰ ਸਤਵੰਤ ਨਾ ਫਾਂਸੀ ਚੜ੍ਹਾਉ ਵੇ ਲੋਕੋ।
ਘਰ ਮੇਰੇ ਨੂੰ ਅੱਗ ਅਜ ਲੱਗੀ....
ਜੋ ਦੁਸ਼ਮਣ ਤੁਹਾਡੇ ਘਰ ਵਿੱਚ ਬੈਠਾ,
ਉਹਨੂੰ ਪਿਆਰ ਨਾਲ ਸਮਝਾਉ ਵੇ ਲੋਕੋ।
ਮਾਰੀ ਨਾ ਜਾਉ ਇਕ ਦੂਜੇ ਨੂੰ,
ਆਪਸ ਦੇ ਫਰਕ ਮਿਟਾਉ ਵੇ ਲੋਕੋ।
ਤੁਹਾਡਾ ਦੁਸ਼ਮਣ ਹੈ ਚਾਲਾਕ ਬ੍ਰਾਹਮਣ,
ਭੁੱਲ ਇਹ ਗੱਲ ਨਾ ਜਾਉ ਵੇ ਲੋਕੋ।



ਬਹੁਤ ਡੋਲ੍ਹ ਲਿਆ ਖੂਨ ਅਸਾਂ ਨੇ,
ਹੋਰ ਖੂਨੀ ਦਰਿਆ ਨਾ ਵਗਾਉ ਵੇ ਲੋਕੋ।
ਲਭੋ ਇਸਦਾ ਹੱਲ ਕੋਈ ਬਹਿ ਕੇ,
ਨਾਂ ਝਗੜੇ ਹੋਰ ਐਵੇ ਵਧਾਉ ਵੇ ਲੋਕੋ।
ਘਰ ਮੇਰੇ ਨੂੰ ਅੱਗ ਅਜ ਲੱਗੀ....
ਗੁਰੂ ਗੋਬਿੰਦ ਦੀ ਬਖਸ਼ੀ ਦਸਤਾਰ ਨੂੰ,
ਇਕ ਦੂਜੇ ਦੇ ਸਿਰ ਤੋ ਨਾ ਲਾਉ ਵੇ ਲੋਕੋ।
ਇਹ ਦਸਤਾਰ ਹੈ ਉਹਦੀ ਅਮਾਨਤ,
ਇਹ ਨੂੰ ਪੈਰਾਂ ਵਿੱਚ ਨਾਂ ਰੁਲਾਉ ਵੇ ਲੋਕੋ।
ਆਪਸ ਦੀ ਇਸ ਤੂੰ ਤੂੰ ਮੈਂ ਮੈਂ ਵਿੱਚ,
ਐਵੇ ਨਾ ਵਕਤ ਗਵਾਉ ਵੇ ਲੋਕੋ।
ਇਕ ਦੂਜੇ ਤੇ ਬੰਦੂਕਾਂ ਤਾਣ ਕੇ ਬੈਠੇ,
ਇਹਨਾਂ ਦਾ ਮੂੰਹ ਘੁਮਾਉ ਵੇ ਲੋਕੋ।
ਸਿਧਿਆਂ ਕਰੋ ਇਹ ਜ਼ਾਲਮ ਵੱਲ ਨੂੰ,
ਉਹਨੂੰ ਵਖਤਾਂ ਦੇ ਵਿੱਚ ਪਾਉ ਵੇ ਲੋਕੋ।
ਘਰ ਮੇਰੇ ਨੂੰ ਅੱਗ ਅਜ ਲੱਗੀ....
ਜੇ ਤੁਹਾਨੂੰ ਕੋਈ ਸਰਦਾਰ ਨਾ ਲੱਭੇ,
ਮੋੜ ਜਰਨੈਲ ਨੂੰ ਲਿਆਉ ਵੇ ਲੋਕੋ।
ਕਈ ਧੜਿਆਂ ਵਿੱਚ ਵੰਡੇ ਬੈਠੇ,
ਹੋਰ ਨਾ ਵੰਡਿਆਂ ਪਾਉ ਵੇ ਲੋਕੋ।
ਕੇਸਰੀ ਝੰਡੇ ਥੱਲੇ ਇੱਕਠੇ ਹੋ ਜਾਉ,
ਹੋਰ ਨਾ ਝੰਡੀਆਂ ਝੁਲਾਉ ਵੇ ਲੋਕੋ।
ਬਹੁਤ ਕੀਮਤ ਦੇ ਲਈ ਆਜ਼ਾਦੀ,
ਨਾ ਭੰਗ ਦੇ ਭਾੜੇ ਗੁਵਾਉ ਵੇ ਲੋਕੋ।
ਖੂਨ ਜੋ ਦਿੱਤਾ ਹੁਣ ਤੱਕ ਸ਼ਹੀਦਾਂ,
ਉਸ ਖੂਨ ਦਾ ਮੁੱਲ ਪਾਉ ਵੇ ਲੋਕੋ।
ਘਰ ਮੇਰੇ ਨੂੰ ਅੱਗ ਅਜ ਲੱਗੀ....

ਘਰ ਤੁਹਾਡਾ ਹੈ ਫੁੱਟ ਨੇ ਢਾਇਆ,
ਇਸ ਨੂੰ ਹੋਰ ਨਾ ਤੁਸੀਂ ਢਾਉ ਵੇ ਲੋਕੋ।
ਜੇ ਇਸ ਦੀ ਇਕ ਕੰਧ ਵੀ ਬਚਦੀ,
ਉਸ ਕੰਧ ਨੂੰ ਤੁਸੀਂ ਬਚਾਉ ਵੇ ਲੋਕੋ।
ਅਗੇ ਬਥੇਰਾ ਬਾਰੂਦ ਹੈ ਭਰਿਆ,
ਹੋਰ ਬਾਰੂਦ ਦੇ ਢੇਰ ਤੁਸੀਂ ਲਾਉ ਵੇ ਲੋਕੋ।
ਚਿੜੀਆਂ ਨੇ ਅਜ ਘੇਰਾ ਪਾਇਆ,
ਸਦ ਕੇ ਬਾਜ਼ ਤੁਸੀਂ ਲਿਆਉ ਵੇ ਲੋਕੋ।
ਜੋ ਬਾਜ਼ ਇਹਨਾਂ ਨੇ ਪਿੰਜਰੀ ਪਾਏ,
ਉਹਨਾਂ ਨੂੰ ਤੁਸੀਂ ਛੁਡਾਉ ਵੇ ਲੋਕੋ।
ਘਰ ਮੇਰੇ ਨੂੰ ਅੱਗ ਅਜ ਲੱਗੀ....
ਛੇਵੇਂ ਗੁਰਾਂ ਬਣਾਇਆ ਸੀ ਆਪਣੇ ਹੱਥੀਂ,
ਹੁਣ ਇਹਨੂੰ ਤੁਸੀਂ ਬਣਾਉ ਵੇ ਲੋਕੋ।
ਅਕਾਲ ਤਖਤ ਦੇ ਇਸ ਤਖਤ ਉਤੇ,
ਕੋਈ ਧਰਮੀ ਤੁਸੀਂ ਬਿਠਾਉ ਵੇ ਲੋਕੋ।
ਜ਼ੁਲਮ ਜ਼ਬਰ ਦਾ ਰਾਜ ਹਟਾ ਕੇ,
ਹਲੀਮੀ ਰਾਜ ਤੁਸੀਂ ਚਲਾਉ ਵੇ ਲੋਕੋ।
ਬਦਲੀ ਹੋਈ ਇਸ ਅੱਗ ਨੂੰ ਠਾਰਕੇ,
ਮੇਰੇ ਸੀਨੇ ਠੰਡ ਤੁਸੀਂ ਪਾਉ ਵੇ ਲੋਕੋ।
ਘਰ ਮੇਰੇ ਨੂੰ ਅੱਗ ਅਜ ਲੱਗੀ.....
ਹਰ ਘਰ ਵਿੱਚ ਹੈ ਕੋਈ ਮਰਿਆ,
ਨਾ ਭੰਗੜੇ ਏਥੇ ਪਾਉ ਵੇ ਲੋਕੋ।
ਰੰਡੀਆਂ ਹੋ ਗਈਆਂ ਪੰਜਾਬ ਦੀਆਂ ਧੀਆਂ,
ਹੋਰ ਨਾ ਬੇਵਾ ਬਣਾਉ ਵੇ ਲੋਕੋ।
ਬੱਚੇ ਮੇਰੇ ਰੋਟੀ ਤੋਂ ਭੁੱਖੇ,
ਉਹਨਾਂ ਨੂੰ ਭੁੱਖ ਤੋਂ ਤੁਸੀਂ ਬਚਾਉ ਵੇ ਲੋਕੋ।
ਮਾਰੇ ਜੋ ਵੀ ਦੁਸ਼ਮਣ ਤੁਹਾਡਾ,
ਬਰ ਬੇਗੁਨਾਹਾਂ ਨੂੰ ਨਾ ਐਂਵੇ ਮੁਕਾਉ ਵੇ ਲੋਕੋ।



ਘਰ ਮੇਰੇ ਨੂੰ ਅੱਗ ਅਜ ਲੱਗੀ.....
ਮਹੀਂਵਾਲ ਦੀ ਇਸ ਸੋਹਣੀ ਨੂੰ,
ਅਜ ਡੁੱਬਣ ਤੋਂ ਤੁਸੀਂ ਬਚਾਉ ਵੇ ਲੋਕੋ।
ਰਣਜੀਤ ਸਿੰਘ ਦੀ ਰਾਣੀ ਜ਼ਿੰਦਾ ਨੂੰ,
ਐਂਵੇ ਨਾ ਦਾਸੀ ਬਣਾਉ ਵੇ ਲੋਕੋ।
ਹੀਰ ਨੂੰ ਲੈ ਤੁਰ ਪਏ ਨੇ ਖੇੜੇ,
ਸੁੱਤੇ ਰਾਂਝਣ ਨੂੰ ਜਾ ਜਗਾਉ ਵੇ ਲੋਕੋ।
ਫਰੀਦ ਨਾਨਕ ਦੀ ਇਸ ਧਰਤੀ ਨੂੰ,
ਗਰਕ ਹੋਣ ਤੋਂ ਤੁਸੀਂ ਬਚਾਉ ਵੇ ਲੋਕੋ।
ਘਰ ਮੇਰੇ ਨੂੰ ਅੱਗ ਅਜ ਲੱਗੀ....
ਇਕ ਨਾਗਣ ਮੈਨੂੰ ਡੰਗ ਮਾਰਿਆ,
ਜਾ ਕੇ ਕੋਈ ਜੋਗੀ ਬਲਾਉ ਵੇ ਲੋਕੋ।
ਦੇਖੋ ਨਾ ਸਿਰਫ ਜ਼ਖਮ ਬਾਹਰ ਦੇ,
ਉਹਨੂੰ ਦਿਲ ਦੇ ਜ਼ਖਮ ਦਿਖਾਉ ਵੇ ਲੋਕੋ।
ਛਿੜਕੇ ਨਾ ਕੋਈ ਲੂਣ ਜ਼ਖਮਾਂ ਤੇ,
ਕੋਈ ਪਿਆਰ ਦੀ ਮਲ੍ਹਮ ਲਾਉ ਵੇ ਲੋਕੋ।
ਸੁਣ ਲਵੇ ਕੋਈ 'ਦੋਹਾਈ' 'ਭੱਜੀ' ਦੀ,
ਨਾ ਕੰਨਾਂ ਵਿਚ ਤੂੰਬੇ ਪਾਉ ਵੇ ਲੋਕੋ।
ਘਰ ਮੇਰੇ ਨੂੰ ਅਗ ਅਜ ਲੱਗੀ.....

# ਨਾਂ

ਆਮ ਬੰਦੇ ਵਾਸਤੇ,
ਨਾਂ ਕੀ ਹੈ?
ਕੋਈ ਨਾਮ ਕਮੌਂਦਾ ਹੈ।
ਕੋਈ ਮਾੜੇ ਕੰਮ ਕਰਕੇ,
ਖਾਨਦਾਨ ਦੇ ਨਾਂ ਨੂੰ,
ਕਾਲਖ ਲੌਂਦਾ ਹੈ॥



ਜਾਂ ਕੋਈ ਚੰਗੇ ਕੰਮ ਕਰਕੇ,
ਪਿਛਲੇ ਸਾਰੇ ਧੋਣੇ ਧੋਂਦਾ ਹੈ॥

ਇਸ ਦੁਨੀਆਂ ਵਿੱਚ,
ਲੋਕਾਂ ਨੂੰ ਦੋ ਤਰ੍ਹਾਂ ਦੇ ਨਾਂ,
ਯਾਦ ਰਹਿੰਦੇ ਨੇ।
ਕੋਈ ਚੰਗੇ ਨਾਮ,
ਜਾਂ ਬਦਨਾਮ,
ਬਾਕੀ ਸਭ ਤੁਰ ਜਾਂਦੇ ਨੇ,
ਤੇ ਗੁਮਨਾਮ ਰਹਿੰਦੇ ਨੇ।
ਦੁਨੀਆਂ ਵਿੱਚ ਇਕ,
ਸਿਰਫ ਇਕ 'ਉਹਦਾ' ਨਾਂ ਸੱਚਾ ਹੈ,
ਇਹ ਲੋਕ ਕਹਿੰਦੇ ਨੇ।
ਸਭ 'ਉਹਦੇ' ਬੱਚੇ ਨੇ,
ਫਿਰ ਪਤਾ ਨਹੀਂ ਕਿਉਂ,
ਇਹ ਇਕ ਥਾਂ ਨਾ ਬਹਿੰਦੇ ਨੇ।
ਐਵੇ ਆਨੇ ਜਾਂ ਬਹਾਨੇ ਬਣਾ,
ਕਿਉਂ ਫਿਰ ਇਕ ਦੂਸਰੇ ਨਾਲ ਖਹਿੰਦੇ ਨੇ।

ਜਰਨੈਲ ਸਿੰਘ, ਅਮਰੀਕ ਸਿੰਘ,
ਸੁਬੇਗ ਸਿੰਘ, ਬੇਅੰਤ ਸਿੰਘ,
ਸਤਵੰਤ ਸਿੰਘ, ਕੇਹਰ ਸਿੰਘ,
ਜਿੰਦਾ, ਸੁੱਖਾ॥
ਗੁਰਜੰਟ ਸਿੰਘ, ਮਾਨੋਚਾਹਲ,
ਜਾਂ ਹੋਰ ਕੋਈ ਜੁਝਾਰੂ,
ਜੋ ਕਲ੍ਹ ਸੁੱਤਾ ਭੁੱਖਾ॥
ਜਦ ਭੀ ਕੋਈ,
ਇਹ ਨਾਂ ਲੈਂਦਾ ਹੈ,
ਤਾਂ ਸਿਰ ਅਦਬ ਨਾਲ,
ਆਪਣੇ ਆਪ ਝੁਕ ਜਾਂਦਾ ਹੈ।
ਇਹ ਕੌਣ ਹਨ?

ਇਹਨਾਂ ਕੀ ਕੀਤਾ?
ਕੋਈ ਸਵਾਲ ਪੁੱਛਦਾ ਹੈ,
ਤੇ ਵਕਤ ਦਾ ਰੁੜ੍ਹਦਾ ਪਹੀਆ,
ਰੁਕ ਜਾਂਦਾ ਹੈ।

ਕਿਉ ਇਹਨਾਂ ਨੂੰ,
ਪਿਆਰੀ ਜਾਨ ਨਹੀਂ ਸੀ?
ਕਿਉ ਇਹਨਾਂ ਨੇ,
ਵੇਚਿਆ ਇਮਾਨ ਨਹੀਂ ਸੀ?
ਕਿਉ ਉਸ ਉਤੇ ਇਹਨਾਂ,
ਸਭ ਕੁਝ ਕੀਤਾ ਕੁਰਬਾਨ?
ਹੱਸਦੇ ਖੇਡਦੇ ਤੁਰ ਗਏ ਉਹ,
ਦੇਖਦਾ ਰਹਿ ਗਿਆ ਜਹਾਨ।
ਲੱਖਾਂ ਸਵਾਲ ਉਠਦੇ ਨੇ,
ਤੇ ਜੁਆਬ ਮੁਕ ਜਾਂਦਾ ਹੈ।

ਇਹਨਾਂ ਨਾਮਾਂ ਦੀ,
ਇਤਿਹਾਸਕਾਰ ਨਕਾਸ਼ੀ ਕਰਦਾ ਹੈ,
ਕਿਉਂਕਿ ਸਿਆਹੀ ਦਾ ਰੰਗ ਤਾਂ,
ਵਕਤ ਨਾਲ ਸੁੱਕ ਜਾਂਦਾ ਹੈ।

ਤੇਰਾ ਨਾਂ,
ਮੇਰਾ ਨਾਂ,
ਕਿਸੇ ਸਿਕਦਾਰ ਦਾ ਨਾਂ,
ਕਿਸੇ ਸਿਰਦਾਰ ਦਾ ਨਾਂ,
ਐਰੇ ਗੈਰੇ ਦਾ ਨਾਂ,
ਨਥੂ ਖੈਰੇ ਦਾ ਨਾਂ,
'ਅੱਜ' ਨੂੰ ਤਾਂ ਯਾਦ ਹੈ,
'ਕਲ' ਭੁੱਲ ਜਾਵੇਗਾ।

ਸਮੇ ਦੀ ਧੁੰਦਲ ਵਿੱਚ,



ਇਕ ਰੇਤ ਦੇ ਕਿਣਕੇ ਵਾਂਗ,
ਉਹ ਕਿਤੇ ਰੁਲ ਜਾਵੇਗਾ।
ਜਾਂ ਨਾਵਾਂ ਦੇ ਸਮੁੰਦਰ ਦੇ,
ਡੂੰਘੇ ਪਾਣੀਆਂ ਵਿੱਚ,
ਇਕ ਨਿੱਕੀ ਕਣੀ ਦੇ,
ਤੁੱਪਕੇ ਵਾਂਗ,
ਉਹ ਘੁਲ ਜਾਵੇਗਾ।

ਜੇ ਕਦੇ ਕਿਸ ਨੂੰ,
ਉਹ ਲਭ ਵੀ ਗਿਆ,
ਤਾਂ ਉਹ ਉਹਦਾ,
ਨਾ ਕੋਈ ਮੁਲ ਪਾਵੇਗਾ।

ਕੋਈ ਸਵਾਲ ਨਹੀਂ ਕਰੇਗਾ,
ਕੋਈ ਜੁਆਬ ਨਹੀਂ ਮੰਗੇਗਾ।
ਆਉਣ ਵਾਲਾ ਸਮਾਂ,
ਇਹ ਨਾਂ ਲੈਣ ਲਗਾ ਸੰਗੇਗਾ।

ਇਹ ਕੌਣ ਸੀ,
ਕਿਥੋਂ ਆਏ,
ਕਿਥੇ ਚਲੇ ਗਏ,
ਇਹ ਕਿਸੇ ਨੂੰ ਭੀ,
ਜਾਨਣ ਦੀ ਲੋੜ ਨਹੀਂ।

ਇਹਨਾਂ ਵਰਗੇ,
ਲੱਖਾਂ ਜੰਮੇ ਹਨ,
ਲੱਖਾਂ ਹੋਰ ਜੰਮਣਗੇ,
ਇਹਨਾਂ ਦੀ ਥੋੜ ਨਹੀਂ।

ਇਹ ਲੱਖਾਂ ਕਮੌਦੇ ਨੇ।

ਇਹ ਲੱਖਾਂ ਗਵੌਂਦੇ ਨੇ।
ਆਪਣੀ ਧਨ ਦੌਲਤ ਦੀ,
ਲੋਕਾਂ ਨੂੰ ਧੌਂਸ ਦਿਖੌਂਦੇ ਨੇ।
ਜਦ ਜਿਤਦੇ ਤਾਂ ਹਸਦੇ ਨੇ,
ਪਰ ਹਾਰਨ ਤੋਂ ਬਾਦ ਰੌਂਦੇ ਨੇ।
ਭਾਂਵੇ ਕਹਿਣ ਨੂੰ ਤਾਂ,
ਇਹ ਬੰਦੇ ਨੇ,
ਜੋ ਇਸ ਦੁਨੀਆਂ ਤੇ ਔਂਦੇ ਨੇ।

ਖਾ ਪੀ ਕੇ,
ਸੌਂ ਜਾਂਦੇ ਨੇ,
ਖਾਲੀ ਹੱਥੀਂ ਫਿਰ,
ਇਹ ਤੁਰ ਜਾਂਦੇ ਨੇ,
ਇਕ ਜੁਆਰੀ ਵਾਂਗ,
ਜੀਵਨ ਦੀ ਬਾਜੀ ਹਾਰ ਕੇ।
ਸਾਰੀ ਉਮਰ ਇਹਨਾਂ,
ਨਾ ਆਪਣਾ ਕੁਝ ਸਵਾਰਿਆ,
ਨਾ ਇਹ ਗਏ,
ਕਿਸੇ ਹੋਰ ਦਾ ਕੁਝ ਸਵਾਰ ਕੇ।

ਸਾਰੀ ਉਮਰ ਇਹ,
ਖੁਦ ਮੋਹ ਮਾਇਆ 'ਚ ਜਲੇ,
ਤੇ ਰਹੇ ਹੋਰਨਾਂ ਨੂੰ ਵੀ ਸਾੜਦੇ।
ਆਪ ਕਦੇ,
ਇਕਠੇ ਨਾ ਬੈਠੇ,
ਤੇ ਰਹੇ ਲੋਕਾਂ ਨੂੰ ਵੀ ਫਾੜਦੇ।

ਜਦ ਭੀ ਕਿਤੇ,
ਸਮੇ ਦਾ ਪੰਛੀ,
ਆਪਣੇ ਫੰਗ ਫੜਫੜਾਏਗਾ।
ਮੇਰਾ ਨਾਂ,



ਤੇਰਾ ਨਾਂ,
ਕਿਸੇ ਸਿਕਦਾਰ ਦਾ ਨਾਂ,
ਕਿਸੇ ਸਿਰਦਾਰ ਦਾ ਨਾਂ,
ਐਰੇ ਗੈਰੇ ਦਾ ਨਾਂ,
ਨਥੂ ਖੈਰੇ ਦਾ ਨਾਂ,
ਖੜਕਾ ਸੁਣ ਲੜਖੜਾਏਗਾ।
ਤੇ ਉਹ ਸ਼ਰਮ ਦਾ ਮਾਰਿਆ,
ਕਿਧਰੇ ਜਾ ਕੇ,
ਆਪਣਾ ਮੂੰਹ ਛੁਪਾਏਗਾ।

ਪਰ ਕਲ ਦੇ ਵਕਤ ਦਾ ਤੂਫਾਨ,
ਇਤਿਹਾਸ ਦੀ ਚਾਦਰ ਤੋਂ,
ਜਦ ਬੀਤੇ ਸਮੇ ਦੀ ਗਰਦ ਉਠਾਏਗਾ।

ਇਹ ਨਕਾਸ਼ੀ ਕਿਤੇ ਨਾਂ,
ਉਸੇ ਤਰ੍ਹਾਂ ਚਮਕਣਗੇ।
ਉਸੇ ਤਰ੍ਹਾਂ ਦਮਕਣਗੇ।

ਕਿਉਕਿ?
ਉਹਨਾਂ ਤੇਰੀ ਤੇ ਮੇਰੀ ਤਰ੍ਹਾਂ,
ਸਿਰਫ ਆਪਣੇ ਟੱਬਰ ਹੀ ਨਹੀਂ ਪਾਲੇ।
ਆਪਣੀ ਜ਼ਿੰਦਗੀ ਦੇ ਦਿਨ,
ਸੌਣ ਖਾਣ ਪੀਣ ਵਿੱਚ ਹੀ ਨਹੀਂ ਗਾਲੇ।
ਤੇਰੀ ਤੇ ਮੇਰੀ ਤਰ੍ਹਾਂ,
ਹਫਤੇ ਵਿਚ ਪੌਣੇ ਸਤ ਦਿਨ,
ਉਹ ਆਪਣਾ ਹੀ ਢਿੱਡ ਨਹੀਂ ਭਰਦੇ ਰਹੇ।
ਕੁੱਛ ਘੰਟੇ ਵਿੱਚ,
ਕਿਸੇ ਸਭਾ ਵਿੱਚ ਜਾ,
ਵੱਡੇ ਵੱਡੇ ਭਾਸ਼ਨ ਨਹੀਂ ਕਰਦੇ ਰਹੇ।

ਕੌਮ ਦਾ ਮਾੜਾ ਹਾਲ ਤੱਕ,

ਉਹਨਾਂ ਤੇਰੀ ਤੇ ਮੇਰੀ ਤਰ੍ਹਾਂ,
ਹੌਕੇ ਨਹੀਂ ਲਾਏ,
ਹੰਝੂ ਨਹੀਂ ਡੋਲੇ।
ਉਹਨਾਂ ਹਰ ਇਕ ਆਹ ਸੁਣੀ ਹੈ,
ਤੇਰੀ ਤੇ ਮੇਰੀ ਤਰ੍ਹਾਂ,
ਸੁਣਦਿਆਂ ਹੋਇਆ ਭੀ,
ਉਹ ਬਣੇ ਨਹੀਂ ਬੋਲੇ।

ਉਹਨਾਂ ਨੇ,
ਆਪਣੇ ਆਪ ਨਾਲ ਕੀਤੇ,
ਕੌਲ ਨਿਭਾਏ।
ਸਿੱਖ ਕਿਸ ਮਿੱਟੀ ਦੇ ਬਣੇ ਨੇ,
ਉਹਨਾਂ ਨੇ,
ਇਹ ਰੰਗ ਦਿਖਾਏ।

ਕੌਮ ਨੂੰ ਬਚਾਉਣ ਦਾ,
ਦੁਸ਼ਮਣ ਨੂੰ ਢਾਹੁਣ ਦਾ,
ਉਹਨਾਂ ਇਰਾਦਾ ਬਣਾਇਆ।
ਨਾ ਕਿਸੇ ਨਾਲ ਗੱਲ ਕੀਤੀ,
ਨਾ ਕੋਈ ਫੜ ਮਾਰੀ,
ਪਰ ਕੁਛ ਕਰ ਦਿਖਾਇਆ।

ਲਹੂ ਨਾਲ ਲਿਖਿਆ ਹੋਇਆ ਨਾਂ,
ਐਨਾ ਗੂਹੜਾ ਹੁੰਦਾ ਹੈ,
ਇਹ ਕਦੇ ਮਿਟਦਾ ਨਹੀਂ।
ਧੁੱਪ ਜਾਂ ਛਾਂ ਨਾਲ,
ਹਨੇਰੀ ਜਾਂ ਮੀਂਹ ਨਾਲ,
ਇਹ ਕਦੇ ਫਿਟਦਾ ਨਹੀਂ।

ਆਉਣ ਵਾਲਾ ਇਤਿਹਾਸਕਾਰ,
ਇਹਨਾਂ ਨੂੰ,



ਬੰਦਾ ਸਿੰਘ,
ਦੀਪ ਸਿੰਘ,
ਸੁੱਖਾ ਸਿੰਘ, ਮਹਿਤਾਬ ਸਿੰਘ,
ਦੇ ਬਰਾਬਰ ਸਜਾਏਗਾ।
ਇਤਿਹਾਸ ਦੇ ਨੀਲੇ ਅੰਬਰ ਤੇ,
ਇਹਨਾਂ ਦੀ ਚਮਕ ਨੂੰ ਦੇਖ,
ਚੰਦ ਵੀ ਆਪਣਾ ਮੂੰਹ ਛੁਪਾਏਗਾ।
ਸੂਰਜ ਭੀ,
ਐਨਾ ਤੇਜ ਹੁੰਦਿਆਂ,
ਇਹਨਾਂ ਦੇ ਸਾਹਮਣੇ ਆਉਣ ਤੋਂ
ਕਤਰਾਏਗਾ।

ਆਉਣ ਵਾਲੀ ਨਸਲਾਂ ਦੇ ਲੋਕੀਂ,
ਜਦ ਭੀ ਕਿਤੇ,
ਕਿਸੇ ਸ਼ਾਮ ਨੂੰ ਰਲ ਬਹਿਣਗੇ।
ਇਹਨਾਂ ਦੀਆਂ ਸਿਫਤਾਂ ਕਰਨਗੇ,
ਇਹ ਕਿਸੇ ਸ਼ੇਰਨੀ ਜਾਏ,
ਇਹ ਗੱਲ ਕਹਿਣਗੇ।

ਇਹ ਚਮਕਣਗੇ ਉਦੋਂ ਤੱਕ,
ਜਦ ਤਕ ਜਗਣਗੇ,
ਸੂਰਜ ਤੇ ਚੰਦ,
ਇਸ ਧਰਤੀ ਦੇ ਦੀਵੇ,
ਤੇ ਇਹਨਾਂ ਸੰਮੁਦਰਾਂ ਦੇ,
ਵਿੱਚ ਜਲ ਰਹਿਣਗੇ,
ਸੱਜਣਾ ਹੁਣ ਤੇਰੀ ਮਰਜ਼ੀ ਹੈ,
ਤੂੰ ਕੀ ਕਰਨਾ ਹੈ?
ਚੰਗੇ ਕੰਮ ਕਰ,
ਜਿੰਦ ਕੌਮ ਦੇ ਲੇਖੇ ਲਾ,
ਇਹਨਾਂ ਦੀ ਕਤਾਰ ਵਿਚ ਖੜਣਾ ਹੈ,
ਜਾਂ ਤੂੰ ਭੀ 'ਭੱਜੀ' ਦੀ ਤਰ੍ਹਾਂ,

ਖਾ ਪੀ ਕੇ ਸੌਂ ਕੇ,
ਆਪਣਾ ਜੀਵਨ ਗੁਆ,
ਗੁਮਨਾਮੀ ਵਿਚ ਮਰਨਾ ਹੈ।





## ਖੈਰ

ਰੱਬਾ ਮੇਰਿਆ,
ਅੱਜ ਤੇਰੇ ਕੋਲੋਂ,
ਮੈਂ ਖੈਰ ਮੰਗਦਾ ਹਾਂ,
ਢਾਈ ਦਰਿਆਵਾਂ ਦੀ॥
ਜਿਥੇ ਹਾਲੇ,
ਖ਼ੂੰਨ ਨਾ ਡੁੱਲਾ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਥਾਵਾਂ ਦੀ॥

ਮੇਰੇ ਵਤਨ,
ਜੋ ਪੁੱਠੀਆਂ ਵੱਗ ਰਹੀਆਂ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਹਵਾਵਾਂ ਦੀ॥
ਜੋ ਹਾਲੇ ਤੱਕ,
ਪਏ ਅਧੂਰੇ
ਮੈਂ ਖੈਰ ਮੰਗਦਾ ਹਾਂ,
ਉਹਨਾਂ ਚਾਵਾਂ ਦੀ॥
ਜੋ ਤੂੰ ਹਾਲੇ,
ਕਲ ਸੀ ਬਖਸ਼ੇ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਸਾਹਵਾਂ ਦੀ॥
ਜਿਹਨਾਂ ਦੇ ਹਾਲੇ,
ਬਾਲ ਨਿਆਣੇ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਮਾਵਾਂ ਦੀ॥
ਕਲ ਸ਼ਹਿਰ ਗਏ,
ਜੋ ਮੁੜ ਨਾ ਆਏ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਭਰਾਵਾਂ ਦੀ॥
ਕਫਨ ਬੰਨ ਜੋ,
ਸੱਚ ਦੀ ਰਾਹ ਤੁਰ ਪਏ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਰਾਹਵਾਂ ਦੀ,

ਮੈਂ ਖੈਰ ਮੰਗਦਾ ਹਾਂ,
ਉਹਨਾਂ ਨਿਆਣਿਆਂ ਦੀ॥
ਜਿਹਨਾਂ ਦੇ ਹਾਲੇ,
ਖਾਵੰਦ ਜਿਊਂਦੇ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਸਵਾਣੀਆਂ ਦੀ॥



ਜੋ ਹਾਲੇ ਨੇ,
ਜੇਲ੍ਹੀ ਬੈਠੇ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਹਾਣੀਆਂ ਦੀ॥
ਸਦੀਆਂ ਤੋਂ,
ਜਿਸ ਤੇ ਹੱਕ ਸੀ ਮੇਰਾ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਪਾਣੀਆਂ ਦੀ॥
ਜਿਹਨਾਂ ਦਰਖਤਾਂ ਤੇ,
ਬੈਠੇ ਆਜ਼ਾਦ ਪੰਛੀ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਟਾਹਣੀਆਂ ਦੀ॥
ਕੁੰਡੀ ਤੇ ਬੂਰੀ ਜੋ,
ਹਾਲੇ ਕਿਲੇ ਬੱਧੀਆਂ,
ਮੈਂ ਖੈਰ ਮੰਗਦਾ ਹਾਂ,
ਦੁੱਧ ਮਧਾਣੀਆਂ ਦੀ॥
ਜੋ ਹਾਲੇ ਭੀ,
ਕਿਤੇ ਕਿਤੇ ਚੁੰਗੀਆਂ ਭਰਦੇ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਮਿਰਗਾਂ ਦੀਆਂ ਢਾਣੀਆਂ ਦੀ॥
ਜਿਹਨਾਂ ਤੇ ਹਾਲੇ ਕਲ ਹੀ ਬਹਾਰ ਆਈ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਜੁਆਨੀਆਂ ਦੀ॥
ਕਦੇ ਕਦੇ ਜੋ,
ਸੁਣਨ ਵਿੱਚ ਆਵਣ,
ਮੈਂ ਖੈਰ ਮੰਗਦਾ ਹਾਂ,
ਉਹਨਾਂ ਸੋਹਣੀਆਂ ਕਹਾਣੀਆਂ ਦੀ॥
ਜਿਊਂਦੇ ਰਹਿਣ,
ਰਾਜਿਆਂ ਵਰਗੇ ਪੁਤ ਤੇਰੇ,
ਮੈਂ ਖੈਰ ਮੰਗਦਾ ਹਾਂ,
'ਜ਼ਿੰਦਾ' ਰਾਣੀਆਂ ਦੀ॥

ਜਿਹਨਾਂ ਦੀ ਹਾਲੇ,
ਪੱਤ ਹੈ ਬਚੀ,
ਮੈ ਖੈਰ ਮੰਗਦਾ ਹਾਂ,
ਉਹਨਾਂ ਭੈਣਾਂ ਦੀ॥
ਜਿਹਨਾਂ ਵਿਚੋਂ ਹਾਲੇ,
ਕੱਜਲਾ ਨਾ ਵਗਿਆ,
ਮੈ ਖੈਰ ਮੰਗਦਾ ਹਾਂ,
ਉਹਨਾਂ ਨੈਣਾਂ ਦੀ॥

ਜਿਹਨਾਂ ਤੇ ਹਾਲੇ ਸੱਜਰੀ ਮੰਹਿਦੀ,
ਮੈ ਖੈਰ ਮੰਗਦਾ ਹਾਂ,
ਉਹਨਾਂ ਹੱਥਾਂ ਦੀ॥
ਸਾਲੂ ਲੈ,
ਜਿਸ ਵਿੱਚ ਕੋਈ ਬੈਠੀ,
ਮੈ ਖੈਰ ਮੰਗਦਾ ਹਾਂ,
ਉਹਨਾਂ ਰੱਥਾਂ ਦੀ॥
ਜਿਊਦੀ ਰਹੇ,
ਭੱਤਾ ਢੋਣ ਵਾਲੀ,
ਮੈ ਖੈਰ ਮੰਗਦਾ ਹਾਂ,
ਉਹਨਾਂ ਦੇ ਹਾਲੀਆਂ ਦੀ॥

ਜਿਊਦੇ ਰਹਿਣ,
ਬੱਗੇ ਤੇ ਲਾਖੇ,
ਮੈ ਖੈਰ ਮੰਗਦਾ ਹਾਂ,
ਉਹਨਾਂ ਦੀਆਂ ਪੰਜਾਲੀਆਂ ਦੀ॥

ਝੂਮਦੇ ਰਹਿਣ,
ਕਣਕਾਂ ਦੇ ਖੇਤ ਉਥੇ,
ਮੈ ਖੈਰ ਮੰਗਦਾ ਹਾਂ,
ਹਸਦੀਆਂ ਕਪਾਹਾਂ ਦੀ॥



ਭਲਾ ਹੋਇਆ,
ਜੇ ਸੁੱਖ ਦੀ ਰਾਤ ਗੁਜਰੀ,
ਮੈ ਖੈਰ ਮੰਗਦਾ ਹਾਂ,
ਤੈਥੋਂ ਅਗਾਹਾਂ ਦੀ॥


ਜਿਹਨਾਂ ਨੂੰ ਹੈ,
ਮਾਣ ਤੇਰੇ ਤੇ,
ਮੈ ਖੈਰ ਮੰਗਦਾ ਹਾਂ,
ਉਹਨਾਂ ਨਿਮਾਣਿਆਂ ਦੀ॥
ਜਿਹਨਾਂ ਦਾ,
ਤਾਂ ਤਾਣ ਭੀ ਤੂੰਹੀਊ,
ਮੈ ਖੈਰ ਮੰਗਦਾ ਹਾਂ,
ਉਹਨਾਂ ਨਿਤਾਣਿਆਂ ਦੀ॥

ਜਿਥੋਂ ਨੇ,
ਇਹ ਦਰਿਆ ਤੁਰਦੇ,
ਮੈ ਖੈਰ ਮੰਗਦਾ ਹਾਂ,
ਉਹਨਾਂ ਕੰਧਰਾਂ ਦੀ॥
ਜੋ ਹਾਲੇ ਬਚ ਗਏ,
ਜਰਵਾਣਿਆਂ ਤੋਂ,
ਮੈ ਖੈਰ ਮੰਗਦਾ ਹਾਂ,
ਉਹਨਾਂ ਹਰਿਮੰਦਰਾਂ ਦੀ॥

ਜੋ ਤੁਸਾਂ ਨੇ,
ਸਾਨੂੰ ਖੁਦ ਬਖਸ਼ੀ,
ਮੈ ਖੈਰ ਮੰਗਦਾ ਹਾਂ,
ਉਹਨਾਂ ਸਰਦਾਰੀਆਂ ਦੀ॥
ਝੰਡੇ ਬੁੰਗੇ,
ਜੁਗੋ ਜੁਗ ਰਹਿਣ ਅਟੱਲ,
ਮੈ ਖੈਰ ਮੰਗਦਾ ਹਾਂ,
ਤੇਰੇ ਗੁਰਦੁਆਰਿਆਂ ਦੀ॥

ਲਗੇ ਰਹਿਣ,
'ਅੰਬੀ ਦੇ ਬੂਟੇ' ਉਥੇ,
ਮੈ ਖੈਰ ਮੰਗਦਾ ਹਾਂ,
ਭੱਠੀ ਵਾਲੀਆਂ ਦੀ॥
ਜਿਊਦੇ ਰਹਿਣ,
ਵਾਰਿਸ ਨੂੰ ਗਾਉਣ ਵਾਲੇ,
ਮੈ ਖੈਰ ਮੰਗਦਾ ਹਾਂ,
ਹੀਰ ਸਿਆਲਿਆਂ ਦੀ॥
ਜੇਹਲਮ ਰਾਵੀ ਤੇ,
ਝਨਾਬ ਭੀ ਰਹਿਣ ਵਗਦੇ,
ਮੈ ਖੈਰ ਮੰਗਦਾਂ ਹਾ,
ਤੱਖਤ ਹਜ਼ਾਰਿਆਂ ਦੀ॥
ਉਹ ਰੱਬਾ,
ਵੱਸਦਾ ਰਹੇ ਪੰਜਾਬ ਮੇਰਾ,
'ਭੱਜੀ' ਖੈਰ ਮੰਗਦਾ ਹੈ,
ਪੰਜਾਬੀਆਂ ਸਾਰਿਆਂ ਦੀ॥





## ਸ਼ਰਧਾਂਜਲੀ ਸ਼ਹੀਦਾਂ ਨੂੰ

ਮੇਰੀ ਕੌਮ ਦੇ ਸ਼ਹੀਦੋ,
ਮੈ ਤੁਹਾਨੂੰ ਪ੍ਰਣਾਮ ਕਰਦਾ ਹਾਂ॥
ਮੇਰੇ ਇਹ ਕੁਝ ਲਫਜ਼,
ਤੁਹਾਡੇ ਨਾਮ ਕਰਦਾ ਹਾਂ॥
ਤੁਸੀਂ ਜਾਨ ਦੀ ਬਾਜ਼ੀ ਲਾ ਗਏ,
ਮੈ ਚਾਰ ਲਫਜ਼ ਕਹਿੰਦਾ ਡਰਦਾ ਹਾਂ॥

ਜਦ ਭੀ ਜੂਨ ਮਹੀਨਾ ਆਉਦਾ ਹੈ,
ਹੌਕੇ ਲੈਂਦਾ ਹਾਂ,
ਆਹਾਂ ਭਰਦਾ ਹਾਂ॥

ਤੁਸੀਂ ਤਾਂ ਇਕ ਵਾਰ ਹੀ,
ਆਪਣੀ ਜਾਨ ਵਾਰ ਗਏ,
ਮੈਂ ਕਾਹਦਾ ਜਿਊਦਾ ਹਾਂ,
ਨਿਤ ਥੋੜ੍ਹਾ ਥੋੜ੍ਹਾ ਮਰਦਾ ਹਾਂ॥
ਤੁਹਾਡੇ ਕੋਲੋਂ,
ਦੁਸ਼ਮਣ ਨੇ ਹਾਰ ਮੰਨੀ,
ਮੈਂ ਖੁਦ ਆਪਣੇ ਆਪ ਤੋਂ,
ਰੋਜ਼ ਥੋੜ੍ਹਾ ਥੋੜ੍ਹਾ ਹਰਦਾ ਹਾਂ॥

ਮੇਰੀ ਕੌਮ ਤੇ ਜੋ ਜ਼ੁਲਮ ਹੋ ਰਿਹਾ,
ਮੈਂ ਏਨਾ ਕਾਇਰ ਹਾਂ,
ਹਾਲੇ ਤਕ ਭੀ ਉਹ ਜਰਦਾ ਹਾਂ॥
ਆਪਣੀ ਬੇਬਸੀ ਤੇ,
ਕਈ ਵਾਰ ਲੁਕ ਛਿਪ ਕੇ,
ਮੈਂ ਹੰਝੂ ਝਰਦਾ ਹਾਂ॥
ਕਈ ਵਾਰ ਮੈਂ,
ਗਮਾਂ ਦੇ ਦਰਿਆ ਅੰਦਰ,
ਗੋਤੇ ਖਾਂਦਾ ਹਾਂ,
ਤੇ ਕਦੇ ਕਦੇ ਹੌਸਲਾ ਕਰ,
ਮੈਂ ਤਰਦਾ ਹਾਂ॥

ਤੁਹਾਡੀ ਕੁਰਬਾਨੀ ਤਕ,
ਤੁਹਾਨੂੰ ਦਾਦ ਦੇਂਦਾ ਹਾਂ,
ਤੇ ਯਾਦ ਕਰਦਾ ਹਾਂ॥
ਸ਼ਰਮ ਜਿਹੀ ਆਉਦੀ ਹੈ,
ਜਦ ਮੈਂ ਆਪਣੇ ਅੰਦਰ,



ਝਾਤੀ ਮਾਰਦਾ ਹਾਂ,
ਤੇ ਸੀਨੇ ਤੇ ਹੱਥ ਧਰਦਾ ਹਾਂ॥

ਜਦ ਭੀ ਅਖਬਾਰ ਵਿੱਚ,
ਕਿਸੇ ਜੁਝਾਰੂ ਦੀ,
ਸ਼ਹੀਦੀ ਬਾਰੇ ਪੜ੍ਹਦਾ ਹਾਂ॥
ਦਿਲ ਨੂੰ ਉਬਾਲਾ ਆਉਦਾ ਹੈ,
ਗੁਬਾਰ ਉਠਦਾ ਹੈ,
ਤੇ ਮੈਂ ਕਲਮ ਨੂੰ ਫੜਦਾ ਹਾਂ॥

ਇਸ ਦੁਨੀਆਂ ਤੋਂ ਉਚਾਟ ਹੋ,
ਕੁਝ ਦੇਰ ਛਿਪਣ ਲਈ,
ਆਪਣੇ ਕਮਰੇ ਵਿੱਚ ਜਾ ਵੜਦਾ ਹਾਂ॥

ਇਹ ਕਿਉ ਹੋਇਆ,
ਇਹਨੂੰ ਕੌਣ ਰੋਕੇ,
ਮੈਂ ਆਪਣੇ ਆਪ ਨਾਲ ਲੜਦਾ ਹਾਂ॥

ਤੇ ਹੁਣ ਹੋਰ ਕੋਈ ਚਾਰਾ ਭੀ ਤੇ ਨਹੀਂ,
ਆਪਣੇ ਦਿਲ ਨੂੰ ਸਮਝਉਂਦਾ ਹਾਂ,
ਤੇ ਫਿਰ ਉਸੇ ਗੱਲ ਤੇ ਅੜਦਾ ਹਾਂ॥

ਕੁਛ ਕਰਨ ਦੀ ਤਮੰਨਾ ਉਠਦੀ ਹੈ,
ਉਹ ਅੰਗੜਾਈ ਲੈਦੀ ਹੈ,
ਤੇ ਅਗੇ ਆਂਦੀ ਹੈ॥
ਖੁਦਗਰਜ਼ੀ ਦਾ ਦੈਤ,
ਬੜਕ ਮਾਰਦਾ ਹੈ,
ਤੇ ਤਮੰਨਾ ਮਰ ਜਾਂਦੀ ਹੈ॥
ਮੈਨੂੰ ਕੌਮ ਦੇ,
ਝਮੇਲਿਆਂ ਚੋਂ ਬਾਹਰ ਕੱਢ,
ਮੁੜ ਇਸ ਦੁਨੀਆਂ ਦੇ ਹਵਾਲੇ ਕਰ ਜਾਂਦੀ ਹੈ॥

ਤੁਸੀਂ ਸਾਰੇ ਮੇਰੀ ਕੌਮ ਦੇ,
ਚਾਨਣ ਮੁਨਾਰੇ ਹੋ॥
ਨਫੇ ਦਾ ਜੋ ਸੌਦਾ ਕਰ ਗਏ,
ਉਹ ਵਣਜਾਰੇ ਹੋ॥
ਸਿੱਖੀ ਦੇ ਇਤਿਹਾਸ ਦੇ ਅਸਮਾਨ ਵਿੱਚ,
ਸਦਾ ਚਮਕਣ ਵਾਲੇ ਸਿਤਾਰੇ ਹੋ॥
ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ,
ਤੁਸੀਂ ਖਾਸ ਪਿਆਰੇ ਹੋ॥

ਆਜ਼ਾਦੀ ਦੀ ਸ਼ਮਾ,
ਜੋ ਤੁਸੀਂ ਜਗਾ ਗਏ,
ਇਸ ਤੇ ਹੋਰ ਪਤੰਗੇ ਆਵਣਗੇ॥
ਉਹ ਭੀ ਆਪਣੀਆਂ ਜਾਨਾਂ ਵਾਰ,
ਆਪਣਾ ਫਰਜ਼ ਨਿਭਾਵਣਗੇ॥
ਜਲਦੇ ਹੋਏ ਭੀ ਉਹ,
ਗੀਤ ਕੌਮੀ ਪਿਆਰ ਦੇ ਗਾਵਣਗੇ॥
ਤੇ ਹੱਸਦੇ ਹੱਸਦੇ ਉਹ,
ਜਿੰਦ ਕੌਮ ਦੇ ਲੇਖੇ ਲਾਵਣਗੇ॥

ਉਹ ਤੁਰ ਜਾਣਗੇ,
ਮੈਂ ਬੈਠਾ ਦੇਖਦਾ ਰਹਾਂਗਾ॥
ਸ਼ਾਇਦ ਦੋ ਚਾਰ,
ਹੋਰ ਕਵਿਤਾਵਾਂ ਕਹਾਂਗਾ॥

ਕਾਸ਼ ਕਦੇ ਮੈਂ ਭੀ,
ਤੁਹਾਡੇ ਕਦਮਾਂ ਤੇ ਚਲ ਸਕਾਂ॥
ਤੁਸੀਂ ਕਾਫੀ ਅੱਗੇ ਨਿਕਲ ਗਏ ਹੋ,
ਸ਼ਾਇਦ ਤੁਹਾਡੇ ਨਾਲ ਨਾ ਰਲ ਸਕਾਂ॥

ਇਹ ਮੇਰੀ ਕਲਮ,
ਤੁਹਾਡੀ ਅਗਵਾਈ ਤਾਂ ਨਹੀਂ ਕਰ ਸਕਦੀ,



ਪਰ ਤੁਹਾਡਾ ਪਿਛਾ ਨਹੀਂ ਛਡੇਗੀ॥
ਜੋ ਕੰਮ ਭੀ ਤੁਸੀਂ ਲੁਕ ਛਿਪ ਕੇ ਕੀਤੇ,
ਉਹਨਾਂ ਦੇ ਖੁਰੇ ਕੱਢੇਗੀ॥
ਇਹ ਤੁਹਾਡੇ ਕਾਫਲੇ ਦੇ,
ਪਿਛੇ ਪਿਛੇ ਆਏਗੀ॥
'ਭੱਜੀ' ਤੁਹਾਡੇ ਕਾਰਨਾਮੇ ਲਿਖੇਗਾ,
ਤੇ ਇਹ ਤੁਹਾਡੇ ਗੀਤ ਗੁਣਗੁਣਾਏਗੀ॥



## ਤਸਵੀਰ

ਐ ਕਲਾਕਾਰਾ,
ਸੁਣ ਮੇਰੇ ਯਾਰਾ,
ਮੈਨੂੰ ਇਕ ਤਸਵੀਰ ਬਣਾ ਦੇ।।

ਦੁਨੀਆਂ ਦੇ ਇਸ ਨਕਸ਼ੇ ਉਤੇ,
ਇਕ ਨਵਾਂ ਤੂੰ ਮੁਲਕ ਬਣਾ ਦੇ,
ਆਪਣੇ ਬੁਰਸ਼ ਦੇ ਨਾਲ ਤੂੰ ਸੱਜਣਾ,
ਸੁਤੀ ਕੌਮ ਦੀ ਤਕਦੀਰ ਜਗਾ ਦੇ।।
ਹੱਡੀਆਂ ਮੇਰੀਆਂ ਘੜਕੇ,
ਚੌਖਟ ਆਪੇ ਜੋੜ ਲਈ ਤੂੰ।।



ਲਾਲ ਰੰਗ ਦੀ ਲੋੜ ਪਵੇ ਤਾਂ,
ਰੱਤ ਮੇਰੀ ਨਿਚੋੜ ਲਈ ਤੂੰ।।

ਚਮੜੀ ਮੇਰੀ ਸਾਰੀ ਲਾਹਕੇ,
ਚੌਖਟ ਉਤੇ ਮੱੜ ਲਈ ਤੂੰ।।
ਲੋੜ ਪਵੇ ਤੈਨੂੰ ਮੇਖਾਂ ਦੀ ਤਾਂ,
ਨੌਂਹ ਪੁੱਟ ਕੇ ਜੜ੍ਹ ਲਈ ਤੂੰ।।
ਵਾਲ ਮੇਰੇ ਤੂੰ ਜਿਦਾਂ ਚਾਹੇ ਵਰਤੀ,
ਜਿੰਨੇ ਚਾਹੇ ਬੁਰਸ਼ ਬਣਾਈ।।
ਪਰ ਜਦ ਤਸਵੀਰ ਬਣਾਉਦਾਂ ਹੋਵੇ,
ਕਿਸੇ ਦੂਜੀ ਨੂੰ ਹੱਥ ਨਾ ਲਾਈ।।
ਇਸ ਸੁਹਣੀ ਤਸਵੀਰ ਦੇ ਉਤੇ,
ਮੈ ਕਰ ਦਿਆਂਗਾ ਸਭ ਕੁਰਬਾਨ।।
ਮੂੰਹ ਮੰਗਾ ਤੈਨੂੰ ਮੁੱਲ ਦੇਵਾਂਗਾ,
ਮੰਗ ਲਈ ਭਾਂਵੇ ਮੇਰੀ ਜਾਨ।।
ਉਸ ਤੋਂ ਭੀ ਨਾ ਮੈਂ ਮੁਕਰਾਂਗਾ,
ਐ ਲੈ ਦਿੱਤੀ ਤੈਨੂੰ ਜ਼ੁਬਾਨ।।
ਪਰ ਇਕ ਨਾ ਸਜਣਾਂ ਤੂੰ ਮੈਥੋਂ ਮੰਗੀ,
ਨਾ ਮੰਗੀ ਤੂੰ ਮੇਰਾ ਇਮਾਨ।।
ਉਸ ਦੇ ਬਲ ਤੇ ਖੜਾ ਹੈ ਹੋਣਾ,
ਮੁਲਕ ਜੋ ਬਣਾਉਣਾ ਤੂੰ ਆਲੀਸ਼ਾਨ।।

ਆ ਤੈਨੂੰ ਹੁਣ ਮੈ ਦਸਾਂ,
ਉਸ ਤਸਵੀਰ ਵਿਚ 'ਇਕ ਮਾਲੀ' ਹੋਵੇ।।
ਚੜਦੇ ਵਲ ਥੋੜ੍ਹੀ ਲਾਲੀ ਹੋਵੇ।।
ਜਿਧਰ ਦੇਖਾਂ ਖੁਸ਼ਹਾਲੀ ਹੋਵੇ।।
ਕੋਈ ਜਗ੍ਹਾ ਨਾ ਖਾਲੀ ਹੋਵੇ।।
ਹਰ ਪਾਸੇ ਹਰਿਆਲੀ ਹੋਵੇ।।

ਉਚੇ ਉਚੇ ਤੂੰ ਪਹਾੜ ਬਣਾ ਦੇ।।
ਵਿਚੋਂ ਪੰਜ ਦਰਿਆ ਵਗਾ ਦੇ।।
ਝੂੰਮਦੇ ਹੋਏ ਖੇਤ ਦਿਖਾ ਦੇ।।

ਦਰਿਆਵਾਂ ਕੰਢੀ ਰੇਤ ਦਿਖਾ ਦੇ॥
ਪਾਣੀ ਪੀਂਦੇ ਦਿਖਾ ਦੇ ਹਿਰਨ॥
ਬੱਚੇ ਰੇਤ 'ਚ ਖੇਡਦੇ ਫਿਰਨ॥
ਮਿੱਟੀ ਦੇ ਉਹਨਾਂ ਮਹਿਲ ਬਣਾਏ,
ਦੇਖੀ ਕੋਈ ਉਹਨਾਂ ਨੂੰ ਨਾ ਢਾਏ॥

ਅਰਸ਼ਾਂ ਤੋਂ ਆਉਂਦਾ ਨਾਨਕ ਦਿਖਾ ਦੇ॥
ਮਰਦਾਨੇ ਦੀ ਤੂੰ ਰਬਾਬ ਵਜਾ ਦੇ॥
'ਸੱਤ ਕਰਤਾਰ' ਉਹਦੇ ਮੂੰਹੋਂ ਅਖਾ ਦੇ॥
ਉਹਦਾ ਕੋਈ ਗੀਤ ਮੇਰੀ ਕੰਨੀ ਪਾ ਦੇ॥

ਜਾਂ ਹੋਵੇ 'ਗੋਬਿੰਦ' ਨੀਲੇ ਤੇ ਚੜ੍ਹਿਆ॥
ਹੋਵੇ ਹੱਥ ਉਹਦੇ ਖੰਡਾ ਫੜਿਆ॥
ਹੋਵੇ ਹੀਰਾ ਕਲਗੀ ਜੜਿਆ॥
ਹੋਵੇ ਬਾਜ ਹੱਥ ਉਤੇ ਫੜਿਆ॥
ਜ਼ੋਰ ਤੂੰ ਲਾ ਦੇਈ ਸਾਰਾ ਅੜਿਆ॥

ਦਰਿਆ ਭਾਂਵੇ ਤੇਰੇ ਠਾਠਾਂ ਮਾਰਨ॥
ਪਰ ਸੋਹਣੀ ਨੂੰ ਪਾਰ ਉਤਾਰਨ॥
ਮਿਰਜ਼ਾ ਭਾਂਵੇ ਸਹਿਬਾਂ ਲੈ ਜਾਏ॥
ਪਰ ਜੰਡ ਥੱਲੇ ਨਾ ਜਾਨ ਗੁਆਏ॥

ਬੱਸ ਇਕ ਨਾਂ ਮਾਰੂਥਲ ਬਣਾਈ॥
ਐਵੇ ਸੱਸੀ ਨਾ ਵਕਤੀਂ ਪਾਈ॥
ਰਾਂਝਿਆਂ ਨੂੰ ਮਿਲਣ ਉਹਨਾਂ ਦੀਆਂ ਹੀਰਾਂ॥
ਜੋੜਣ ਆਪਣੀਆਂ ਟੁਟੀਆਂ ਤਕਦੀਰਾਂ॥
ਆਸ਼ਕ ਮਿਲਣ ਮਸ਼ੂਕਾਂ ਤਾਈ॥
ਕੈਦੋਂ ਦਾ ਉਥੇ ਕੰਮ ਨਾ ਕਾਈ॥

ਜਦ ਉਥੇ ਰੁੱਤ ਵਿਸਾਖੀ ਦੀ ਆਵੇ॥
ਕੋਈ ਗਭਰੂ ਉਥੇ ਭੰਗੜੇ ਪਾਵੇ॥



ਮਸਤੀ ਵਿਚ ਢੋਲੇ ਮਹੀਏ ਗਾਵੇ॥
ਛਾਤੀ ਗਜ ਤੋਂ ਤੂੰ ਵੱਧ ਦਿਖਾਈ॥
ਉੱਚਾ ਲੰਮਾ ਤੂੰ ਕਦ ਦਿਖਾਈ॥
ਫੜਕਦੇ ਹੋਏ ਤੂੰ ਡੋਲੇ ਦਿਖਾ ਦੇ॥
ਸੂਰਤ ਦੇ ਉਹ ਭੋਲੇ ਦਿਖਾ ਦੇ॥

ਮੁਟਿਆਰ ਉਥੇ ਇਕ ਨੱਚਦੀ ਹੋਵੇ॥
ਖੁਸ਼ੀਆਂ ਨਾਲ ਉਹ ਟੱਪਦੀ ਹੋਵੇ॥
ਹਵਾ ਦੇ ਨਾਲ ਉਹ ਉਡਦੀ ਜਾਏ॥
ਜੁਲਫਾਂ ਦੇ ਉਹ ਬੱਦਲ ਬਣਾਏ॥
ਨੀਲੇ ਅੰਬਰ ਦੀ ਚੁੰਨੀ ਪਾਏ॥
ਵਿਚ ਉਹਦੇ ਹੋਣ ਤਾਰੇ ਜੜਾਏ॥
ਕਿਸੇ ਹੂਰ ਤੋਂ ਘੱਟ ਨਾ ਹੋਵੇ॥
ਮੱਥੇ ਉਹਦੇ ਵੱਟ ਨਾ ਹੋਵੇ॥
ਕਾਲੇ ਪਹਾੜ ਦਾ ਸੁਰਮਾ ਪਾਵੇ॥
'ਕੋਹਿਨੂਰ' ਨੂੰ ਲੌਂਗ ਬਣਾਵੇ॥
ਮੱਥੇ ਟਿੱਕਾ ਚੰਦ ਦਾ ਲਾਵੇ॥
ਸਤ ਰੰਗੀ ਉਹ ਪੀਂਘ ਚੜ੍ਹਾਵੇ॥
ਅਰਸ਼ੋਂ ਪਰੀਆਂ ਦੇਖਣ ਆਵਣ॥
ਦੇਖ ਦੇਖ ਉਹਨੂੰ ਸ਼ਰਮਾਵਣ॥
ਚੇਹਰੇ ਤੇ ਹੋਵੇ ਐਨਾ ਜਲਾਲ॥
ਤਕ ਸੂਰਜ ਵੀ ਹੋ ਜਾਵੇ ਲਾਲ॥
ਹੀਰਿਆਂ ਨਾਲ ਭਾਂਵੇ ਜੜੀ ਉਹ ਹੋਵੇ॥
ਸੋਨੇ ਵਿਚ ਭਾਂਵੇ ਮੜੀ ਹੋਈ ਹੋਵੇ॥
ਐਵੇ ਨਾ ਉਹਨੂੰ ਘੁੰਡ ਚ ਲੁਕਾਈ॥
ਹੱਥ ਉਹਦੇ ਤਲਵਾਰ ਫੜਾਈ॥
ਮੇਰੇ ਮੁਲਕ ਦੀ ਮੁਟਿਆਰ ਸਦਾਵੇ॥
ਮਜ਼ਾਲ ਕੀ ਕੋਈ ਹੱਥ ਲਾ ਜਾਵੇ॥

ਜਾ ਦਿਖਾ ਕਿਤੇ ਬਸੰਤ ਦੀਆਂ ਬਹਾਰਾਂ,
ਦੂਰ ਤੱਕ ਫੁਲਾਂ ਦੀਆਂ ਕਤਾਰਾਂ॥

ਉਡੀਆਂ ਜਾਂਦੀਆਂ ਕੂੰਜਾਂ ਦੀਆਂ ਡਾਰਾਂ॥
ਤ੍ਰਿੰਝਣਾਂ ਵਿਚ ਬੈਠੀਆਂ ਮੁਟਿਆਰਾਂ॥
ਦਿਖਾ ਦੇ ਰੁਤਾਂ ਪੀਘਾਂ ਪਾਉਣ ਦੀਆਂ॥
ਚੜ੍ਹਦੀਆਂ ਬਦਲੀਆਂ ਰੁੱਤ ਸਾਉਣ ਦੀਆਂ॥
ਨਾ ਉਥੇ ਤੂੰ ਹਾੜ ਦਿਖਾਈ॥
ਨਾ ਉਥੇ ਤੂੰ ਪੱਤਝੜ ਲਿਆਈ॥

ਹੋਣ ਉਥੇ ਸਾਰੇ ਬੰਦੇ ਚੰਗੇ॥
ਹੋਣ ਨਾ ਕੋਈ ਭੁੱਖੇ ਨੰਗੇ॥
ਹਰ ਇਕ ਦਾ ਹੋਵੇ ਢਿੱਡ ਭਰਿਆ॥
ਦਿਸੇ ਨਾ ਮੈਨੂੰ ਕੋਈ ਡਰਿਆ॥

ਹਰ ਪਾਸੇ ਬੱਸ ਹੋਵਣ ਹਾਸੇ॥
ਜਾਂ ਕੋਈ ਨਵੇ ਖੇਲ ਤਮਾਸ਼ੇ॥
ਹਰ ਚੁੱਲੇ ਹੋਵੇ ਅੱਗ ਬਲਦੀ॥
ਦਿਸੇ ਕੋਈ ਨਾ ਚਿੱਖਾ ਜਲਦੀ॥
ਕੋਈ ਡੋਲੀ ਉਥੇ ਕੁਹਾਰ ਨਾ ਲੁੱਟੇ॥
ਕਿਸੇ ਬਾਪੂ ਦੀ ਲਾਠੀ ਨਾ ਟੁੱਟੇ॥
ਪੁੱਤਰਾਂ ਨੂੰ ਨਾ ਰੋਵਣ ਮਾਵਾਂ॥
ਭੈਣਾਂ ਨਾਂ ਵਿਛੜਣ ਕੋਲੋਂ ਭਰਾਵਾਂ॥
ਦਰਿਆਵਾਂ ਕੰਢੀ ਕੋਈ ਨਾ ਮਾਰੇ॥
ਉਹਨਾਂ ਵਿੱਚ ਕੋਈ ਫੁੱਲ ਨਾ ਤਾਰੇ॥
ਬਸ ਇਕ ਬਰਾਤ ਤੂੰ ਜਾਂਦੀ ਦਿਖਾ ਦੇ॥
ਭੈਣ ਘੋੜੀਆਂ ਤੂੰ ਗਾਂਦੀ ਦਿਖਾ ਦੇ॥
ਮਾਂ ਪਾਣੀ ਕੋਈ ਵਾਰ ਕੇ ਪੀਵੇ॥
ਨੂੰਹ ਆਪਣੀ ਨੂੰ ਦੇਖ ਕੇ ਜੀਵੇ॥

ਨਾ ਕੋਈ ਹੋਵੇ ਰਿਸ਼ਵਤ ਖੋਰ॥
ਨਾ ਹੋਵਣ ਉਥੇ ਡਾਕੂ ਚੋਰ॥
ਸਿਪਾਹੀਆਂ ਦਾ ਭੇਖ ਰਖੀ ਸੰਤਾਂ ਵਾਲਾ॥
ਇਕ ਹੱਥ ਡੰਡਾ ਦੂਜੇ ਮਾਲਾ॥



ਛੱਡਣ ਨਾ ਉਹ ਕਿਸੇ ਜ਼ਾਲਮ ਨੂੰ॥
ਕਰਨ ਸਿਜਦਾ ਬਾਕੀ ਆਲਮ ਨੂੰ॥

ਮਾਲੀ ਕਰਨ ਬਾਗਾਂ ਦੀ ਰਾਖੀ,
ਵਾੜ ਨਾ ਕੋਈ ਖੇਤ ਨੂੰ ਖਾਵੇ॥
ਉਥੋਂ ਦਾ ਜੋ ਰਾਜਾ ਹੋਵੇ,
ਪਰਜਾ ਦਾ ਸੇਵਕ ਅਖਵਾਵੇ॥

ਉਸੇ ਕਿਸੇ ਤਸਵੀਰ ਦੀ ਨੁਕਰੇ,
ਦਿਖਾ ਦੇ ਉਗਿਆ ਤੂੰ ਕਿਤੇ ਸਾਗ॥
ਜਾਂ ਫਿਰ ਤੂੰ ਉਥੇ ਦਿਖਾ ਦੇ,
ਸੋਹਣਾ ਜਿਹਾ ਅੰਬਾਂ ਦਾ ਬਾਗ॥
ਨਾ ਤੋਤੇ ਅੰਬਾਂ ਨੂੰ ਟੁੱਕਣ॥
ਨਾ ਉਹ ਕਚੇ ਫੱਲ ਹੀ ਸੁੱਟਣ॥
ਕੋਇਲਾਂ ਭਾਂਵੇ ਪਈਆਂ ਕੂਕਣ॥
ਪਰ ਰਾਗ ਬਿਰਹੋਂ ਦਾ ਨਾ ਉਹ ਫੂਕਣ॥
ਕਿਤੇ ਚਿੜੀਆਂ ਚੀ ਚੀ ਲਾਈ ਹੋਵੇ॥
ਪੈਲ ਮੋਰਾਂ ਨੇ ਪਾਈ ਹੋਵੇ॥
ਮੱਟਕ ਮੱਟਕ ਪੈਰ ਉਹ ਪੁੱਟਣ॥
ਪਰ ਅਖੋਂ ਉਹ ਹੰਝੂ ਨਾ ਸੁੱਟਣ॥
ਕੁੜੀਆਂ ਦੀ ਟੋਲੀ ਆ ਚਰਖਾ ਡਾਹਵੇ॥
ਪਰ ਨਾ ਕੋਈ 'ਅੰਬੀ' ਕਟਵਾਵੇ॥
ਉੜਦਾ ਦਿਸੇ ਚਿੜੀਆਂ ਦਾ ਚੰਬਾ॥
ਦੂਰ ਕਿਤੇ ਬਿਜਲੀ ਦਾ ਖੰਬਾ॥
ਜਦ ਹੋਵੇ ਪਹੁ ਫੁੱਟਣ ਵਾਲੀ॥
ਅੰਬਰਾਂ ਵਿੱਚ ਹੋਵੇ ਥੋੜ੍ਹੀ ਲਾਲੀ॥
ਖੇਤਾਂ ਵਲ ਨੂੰ ਤੁਰ ਪੈਣ ਹਾਲੀ॥
ਅੱਗੇ 'ਬਗਾ' 'ਲਾਖਾ' ਜੂੜੇ ਪੰਜਾਲੀ॥
ਮਧਾਣੀਆਂ ਖਰੜ ਖਰੜ ਲਾਈ ਹੋਵੇ॥
ਕੁੱਜੇ ਲੱਸੀ ਪਾਈ ਹੋਵੇ॥
ਬੱਚਾ ਕੋਈ ਭੱਜਾ ਆਵੇ॥

ਮਾਂ ਉਹਦੀ ਲੈ ਭੱਤਾ ਜਾਵੇ॥
ਕੋਈ ਉਥੇ ਲੈ ਮੱਝੀਆਂ ਚਾਰੇ॥
ਹਰ ਕੋਈ ਲੱਗਾ ਹੋਵੇ ਆਹਰੇ॥
ਮੁਲਖ ਹੋਵੇ ਸਭ ਧਰਮਾਂ ਦਾ ਸਾਂਝਾ॥
ਪਰ ਹੋਵੇ ਨਾ ਕੋਈ ਧਰਮ ਤੋਂ ਬਾਂਝਾ॥
ਕੋਈ ਛੁਪਦੇ ਵੱਲ ਨੂੰ ਸੀਸ ਨਿਵਾਵੇ॥
ਜਾਂ ਚੜ੍ਹਦੇ ਵੱਲ ਨੂੰ ਪਾਣੀ ਪਾਵੇ॥
ਚਾਹੇ ਕੋਈ ਅੱਲਾ ਨੂੰ ਮੰਨੇ॥
ਕੋਈ ਕਿਸੇ ਦੀ ਮੂਰਤੀ ਨਾ ਭੰਨੇ॥
ਪਰ ਮੇਰੇ ਇਸ਼ਟ ਦਾ ਕੋਈ ਘਰ ਨਾ ਢਾਵੇ॥
ਜੋ ਆਵੇ ਉਹ ਸੀਸ ਨਿਵਾਵੇ॥

ਨਿਗਾਹ ਜਦ ਮੈ ਅੰਬਰੀ ਮਾਰਾਂ,
ਦਿਸਣ ਕੇਸਰੀਆਂ ਦੀਆਂ ਕਤਾਰਾਂ॥
ਤਿਰੰਗਾ ਕੋਈ ਨਜ਼ਰ ਨਾ ਆਵੇ॥
ਆਪਣਾ ਮਨਹੂਸ ਨਾ ਮੂੰਹ ਦਿਖਾਵੇ॥
ਅਸਮਾਨੀ ਉਡਣ ਚਿੱਟੇ ਬਾਜ॥
ਨਾ ਹੋਵੇ ਗਿਲਝਾਂ ਦਾ ਰਾਜ॥
ਹਰ ਪਾਸੇ ਵਜੇ ਪਿਆਰ ਦਾ ਸਾਜ,
ਕੰਨੀ ਪਵੇ ਬਾਣੀ ਦੀ ਆਵਾਜ਼॥
ਜੇ ਤੂੰ ਐਸੀ ਤਸਵੀਰ ਬਣਾ ਸਕੇ,
ਤਾਂ ਹੀ ਹੱਥ ਬੁਰਸ਼ ਨੂੰ ਪਾਈ॥
ਨਹੀਂ ਤਾਂ ਮੇਰੀ ਚਿੱਟੀ ਚਾਦਰ ਤੇ,
ਐਵੇ ਨਾ ਤੂੰ ਲੀਕਾਂ ਵਾਹੀਂ॥
ਜੇ ਤੂੰ ਕਿਤੇ ਬਣਾ ਦਿੱਤਾ,
ਇਹਨਾਂ ਸੋਹਣਾ ਇਕ ਜਹਾਨ॥
ਉਹਦਾ ਨਾਮ 'ਭੱਜੀ' ਖ਼ੁੱਦ ਰਖੇਗਾ,
ਉਹ ਹੋਵੇਗਾ "ਖਾਲਿਸਤਾਨ"॥

*Special Thanks*
*To*
*Staff of World Sikh News*
*Sikh National Educational & Cultural Organization*
*Drs Param and Jasbir Gill*
*Ms. Lorreta Rivas for sketches*

ਬਹੁਤ ਕੋਸ਼ਿਸ਼ਾਂ ਦੇ ਬਾਵਜੂਦ ਵੀ ਕੁੱਝ ਗਲਤੀਆਂ ਰਹਿ ਗਈਆਂ ਹਨ ਜਿਹਨਾਂ ਦਾ ਪਤਾ ਛੱਪਣ ਤੋਂ ਬਾਅਦ ਹੀ ਲਗਾ ਹੈ । ਖਿਮਾਂ ਦਾ ਜਾਚਕ ਹਾਂ – ਲੇਖਕ

| ਸਫਾ | ਸੱਤਰ | ਛਪਿਆ | ਪੜੋ |
|---|---|---|---|
| 6 | 4 | ਅਮ੍ਰਿਤ | ਅੰਮ੍ਰਿਤਾ |
| 40 | 5 | ਟੁੱਟੇ | ਟੁੱਟੀ |
| 100 | 4 | ਤੋਂ | – |
| 159 | ਅਖੀਰਲੀ | ਲਾਹਿਆ | ਲਾਇਆ |
| 171 | 19 | ਸੂਟਾਏ | ਸੁਣਾਵੇ |
| 173 | 3 | ਰੌਂਦਾ | ਰਹਿੰਦਾ |
| 178 | ਅਖੀਰਲੀ | ਬਰ | ਪਰ |